ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਦੂਜਾ

ਪੰਜਾਬੀ ਚੋਣਵਾਂ ਵਿਸ਼ਾ

ਸਮੈਸਟਰ ਚੌਥਾ

ਮੀਡੀਅਮ : ਪੰਜਾਬੀ

ਯੂਨਿਟ : 1

ਪਾਠ ਨੰ.

ਪੁਸਤਕ – ਪੰਜਾਬੀ ਸਾਹਿਤ ਦਾ ਇਤਿਹਾਸ

1.1 : ਪਿਛਲੇਰੇ ਮੁਗਲਕਾਲ ਦਾ ਪਿਛੋਕੜ

1.2 : ਪਿਛਲੇਰੇ ਮੁਗਲਕਾਲ ਦਾ ਕਿੱਸਾ ਸਾਹਿਤ

1.3 : ਪਿਛਲੇਰੇ ਮੁਗਲਕਾਲ ਦੀ ਵੀਰ ਕਾਵਿ ਧਾਰਾ, ਧਾਰਮਿਕ ਤੇ ਵਾਰਤਕ ਧਾਰਾ

1.4 : ਮਹਾਰਾਜਾ ਰਣਜੀਤ ਸਿੰਘ ਕਾਲ ਦਾ ਸਾਹਿਤ ਅਤੇ 19ਵੀਂ ਸਦੀ ਦੇ ਦੂਜੇ ਅੱਧ ਦੀਆਂ ਸਾਹਿਤਕ ਧਰਾਵਾਂ

Department website : www.pbidde.org

ਪਾਠ ਨੰ. : 1.1 ਪੰਜਾਬੀ ਸਾਹਿਤ ਦਾ ਇਤਿਹਾਸ

1:0 ਪਿਛਲੇਰੇ ਮੁਗ਼ਲਕਾਲ ਦਾ ਪਿਛੋਕੜ

1:1 ਇਤਿਹਾਸਕ ਪਿਛੋਕੜ

ਲਗਭਗ ਸਾਰੀ ਅਠਾਰਵੀਂ ਸਦੀ ਨੂੰ ਹਿੰਦੁਸਤਾਨ ਦੇ ਇਤਿਹਾਸ ਵਿਚ ਪਿਛਲੇਰੇ ਮੁਗ਼ਲ ਕਾਲ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਦਾ ਆਰੰਭ ਔਰੰਗਜ਼ੇਬ ਕਾਲ ਦੇ ਅੰਤਲੇ ਵਰ੍ਹਿਆਂ ਤੋਂ ਲੈ ਕੇ 1799 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਗੱਦੀ ਉੱਤੇ ਬੈਠਣ ਦੇ ਸਮੇਂ ਤਕ ਮੰਨਿਆ ਜਾ ਸਕਦਾ ਹੈ। ਇਸ ਕਾਲ ਵਿਚ ਕੁਝ ਅਜਿਹੀਆਂ ਰਾਜਨੀਤਿਕ ਅਤੇ ਧਾਰਮਿਕ ਤਬਦੀਲੀਆਂ ਆਈਆਂ ਜਿਨ੍ਹਾਂ ਨੇ ਉਸ ਸਮੇਂ ਦੇ ਸਾਹਿਤ-ਸਿਰਜਣ ਨੂੰ ਕਈ ਪਹਿਲੂਆਂ ਤੋਂ ਪ੍ਰਭਾਵਿਤ ਕੀਤਾ ਹੈ। ਸਾਹਿਤ ਦੇ ਵਿਕਾਸ ਲਈ ਇਸ ਕਾਲ ਦੀਆਂ ਪਰਸਥਿਤੀਆਂ ਵਧੇਰੇ ਅਨੁਕੂਲ ਨਹੀਂ ਸਨ। ਇਹ ਕਾਲ ਰਾਜਨੀਤਿਕ ਤੌਰ ਤੇ ਯੁੱਧ, ਬਗਾਵਤ, ਹਮਲਿਆਂ, ਲੁੱਟ-ਮਾਰ ਅਤੇ ਜ਼ੁਲਮ-ਤਸੱਦਦ ਦੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਤਸਵੀਰ ਪੇਸ਼ ਕਰਦਾ ਹੈ। ਇਸ ਕਾਲ ਤੋਂ ਕਾਫ਼ੀ ਦੇਰ ਪਹਿਲਾਂ ਅਤੇ ਇਸ ਕਾਲ ਦੇ ਅੰਤਲੇ ਦਿਨ ਤਕ ਅਮਨ ਅਤੇ ਸ਼ਾਂਤੀ ਦਾ ਜੀਵਨ ਪੰਜਾਬੀਆਂ ਨੂੰ ਸੁਪਨੇ ਵਿਚ ਵੀ ਨਹੀਂ ਮਿਲਿਆ ਸੀ।

ਇਸ ਸਮੇਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਪੰਜਾਬ ਵਿਚ ਸਿੰਘਾਂ ਅਤੇ ਮੁਗ਼ਲਾਂ ਦੀ ਆਪਸ ਵਿਚ ਹਥਿਆਰ-ਬੱਧ ਟੱਕਰ ਸ਼ੁਰੂ ਹੋ ਗਈ ਜਿਸ ਨਾਲ ਇਹੋ ਜਿਹੇ ਸਿਆਸੀ ਹਾਲਾਤ ਪੈਦਾ ਹੋ ਗਏ ਜਿਨ੍ਹਾਂ ਵਿਚ ਸਾਹਿਤ ਰਚਨਾ ਵਿਚ ਇਕ ਨਿਸ਼ਚਿਤ ਮੋੜ ਆਇਆ। ਸ਼ਾਹ ਜਹਾਨ ਦੇ ਸ਼ਾਸਨ ਸਮੇਂ ਸ੍ਰੀ ਗੁਰੂ ਹਰਗੋਬਿੰਦ, ਔਰੰਗਜ਼ੇਬ ਦੇ ਜ਼ਮਾਨੇ ਵਿਚ ਗੁਰੂ ਗੋਬਿੰਦ ਸਿੰਘ ਦੀ ਅਤੇ ਬਾਬਾ ਬੰਦਾ ਬਹਾਦਰ ਨੇ ਮੁਗ਼ਲ ਹਾਕਮਾਂ ਦੇ ਜ਼ੁਲਮ ਨਾਲ ਲੜਨ ਲਈ ਬਲਵਾਨ ਜੰਗੀ ਮੁਹਿੰਮਾਂ ਚਲਾਈਆਂ ਸਨ। ਇਨ੍ਹਾਂ ਨਾਲ ਪੰਜਾਬ ਦੀ ਧਰਤੀ ਇਕ ਜੰਗੀ ਕੈਂਪ ਦਾ ਰੂਪ ਧਾਰਣ ਕਰ ਗਈ। ਅਸ਼ਾਂਤੀ ਅਤੇ ਅਸੁਰੱਖਿਆ ਦੇ ਫੈਲਣ ਨਾਲ ਸਾਹਿਤ ਰਚਨਾ ਲਈ ਅਨੁਕੂਲ ਵਾਤਾਵਰਣ ਨਾ ਰਿਹਾ। ਮੁਗਲ ਕਾਲ ਵਿਚ ਜੇ ਪੂਰੀ ਨਹੀਂ ਤਾਂ ਘੱਟੋ-ਘੱਟ ਇਸ ਕਾਲ ਜੇਹੀ ਅਸ਼ਾਂਤੀ ਨਹੀ ਸੀ। ਇਸ ਸਮੇਂ ਦੌਰਾਨ ਜੇਕਰ ਕੋਈ ਸਿਰਜਾਣਾਤਮਿਕ ਕਾਰਜ ਹੋ ਰਿਹਾ ਸੀ ਤਾਂ ਉਹ ਕੇਵਲ ਸਿੱਧ ਪਰੰਪਰਾ ਵਿਚ ਹੀ ਹੋ ਰਿਹਾ ਸੀ। ਕਵੀਆਂ, ਢਾਡੀਆਂ ਅਤੇ ਰਾਗੀਆਂ ਨੂੰ ਰਚਨਾਤਮਿਕ ਮਾਹੌਲ ਮਿਲ ਰਿਹਾ ਸੀ। ਫਲਸਰੂਪ ਸਾਹਿਤ ਰਚਨਾ ਦੀ ਪ੍ਰੇਰਨਾ ਦਾ ਕੇਂਦਰ ਸਿੱਖ ਗੁਰੂ ਸਾਹਿਬ ਬਣੇ ਹੋਏ ਸਨ।

ਇਸ ਕਾਲ ਵਿਚ ਗੁਰੂ ਸਾਹਿਬਾਂ ਅਤੇ ਉਨ੍ਹਾਂ ਦੇ ਸਿੱਖਾਂ ਦੀਆਂ ਸਰਗਰਮੀਆਂ ਸਾਹਿਤ ਰਚਨਾ ਵਲੋਂ ਹਟ ਕੇ ਯੁੱਧ ਦੇ ਮੈਦਾਨ ਵਿਚ ਮਰ ਮਿਟਣ ਅਤੇ ਪੰਜਾਬੀ ਜੀਵਨ ਨੂੰ ਇਕ ਸਾਂਚੇ ਵਿਚ ਵੰਡਣ ਵਲ ਲੱਗ ਗਈਆਂ। ਇਸ ਦਾ ਸਿੱਟਾ ਇਹ ਹੋਇਆ ਕਿ ਗੁਰੂ ਅਰਜਨ ਦੇਵ ਜੀ ਤਕ ਜੋ ਸਿੱਖ ਗੁਰੂ ਦਰਬਾਰ ਦੁਆਰਾ ਚਲਾਈ ਇਕ ਨਵੀਨ ਸਾਹਿਤ ਧਾਰਾ ਆਪਣੇ ਭਰ ਜੋਬਨ ਵਿਚ ਆ ਚੁੱਕੀ ਸੀ, ਇਸ ਕਾਲ ਵਿਚ ਉਸ ਦਾ ਅਗਲੇਰਾ ਵਿਕਾਸ ਰੁਕ ਗਿਆ ਜਾਂ ਉਸ ਦੀ ਦਿਸ਼ਾ ਬਦਲ ਗਈ। ਗੁਰੂ ਅਰਜਨ ਦੇਵ ਜੀ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ, ਗੁਰੂ ਹਰਿਕ੍ਰਿਸ਼ਨ ਜੀ ਦੁਆਰਾ ਕੋਈ ਸਾਹਿਤ ਰਚਨਾ ਨਾ ਹੋਈ ਅਤੇ ਗੁਰੂ ਤੇਗ਼ ਬਹਾਦਰ ਜੀ ਦੁਆਰਾ ਗਿਣਤੀ ਪੱਖੋਂ ਬਹੁਤਾ ਸਾਹਿਤ ਰਚਿਆ ਨਹੀਂ ਗਿਆ ਪ੍ਰੰਤੂ ਉਨ੍ਹਾਂ ਦੀ ਰਚਨਾ ਪੰਜਾਬੀ ਸਾਹਿਤ ਪਰੰਪਰਾ ਵਿਚ ਉੱਚਾ ਸਥਾਨ ਰਖਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਹੁ-ਆਕਾਰੀ ਸਾਹਿਤ ਰਚਨਾ ਵਿਚੋਂ ਪੰਜਾਬੀ ਸਾਹਿਤ ਰਚਨਾ ਵਲ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਦੇ ਆਪਣੇ ਅਤੇ ਉਨ੍ਹਾਂ ਦੀ ਸਰਪ੍ਰਸਤੀ ਹੇਠ ਰਚੇ ਗਏ ਦਰਬਾਰੀ ਸਾਹਿਤ ਦਾ ਬਹੁਤ ਵੱਡਾ ਭਾਗ ਰਚਿਆ ਹੋਇਆ ਮਿਲਦਾ ਹੈ।

ਬੰਦਾ ਬਹਾਦਰ ਦੀ ਅਦੁੱਤੀ ਸ਼ਹਾਦਤ ਪਿੱਛੋ ਮੁਗਲਾਂ ਵਲੋਂ ਸਿੱਖਾਂ ਉੱਤੇ ਹੋ ਰਹੀ ਸਖਤੀ ਦਿਨੋ-ਦਿਨ ਵਧਦੀ ਗਈ ਅਤੇ ਉਹਨਾਂ ਵਲੋਂ ਦਿੱਤੇ ਗਏ ਤਸੀਹਿਆਂ ਦਾ ਰੂਪ ਵੀ ਅਤਿ ਦੁਖਾਵਾਂ ਅਤੇ ਵਹਿਸ਼ੀਆਨਾ ਹੁੰਦਾ ਗਿਆ। ਇਸ ਸਮੇਂ ਵਿਚ ਹੋਏ ਦੋ ਭਿਆਨਕ ਘੱਲੂਘਾਰਿਆਂ ਨੇ ਪੰਜਾਬ ਦੀ ਧਰਤੀ ਨੂੰ ਲਹੂ ਲੁਹਾਨ ਕਰ ਦਿੱਤਾ

ਜਿਸ ਵਿਚ ਹਜ਼ਾਰਾਂ ਯੋਧਿਆਂ ਦੀਆਂ ਜਾਨਾਂ ਕੁਰਬਾਨ ਹੋਈਆਂ। ਇਸ ਤੋਂ ਇਲਾਵਾ 1738 ਈ. ਵਿਚ ਨਾਦਰਸ਼ਾਹ ਨੇ ਪੰਜਾਬ ਦੀ ਧਰਤੀ ਉਤੇ ਕਤਲੇਆਮ ਕੀਤਾ। ਉਹ ਜਿਥੋਂ ਲੰਘਦਾ ਗਿਆ ਉਥੇ ਹੀ ਘੁੱਗ ਵਸਦੀਆਂ ਆਬਾਦੀਆਂ ਪਿੰਡਾਂ ਤੇ ਸ਼ਹਿਰਾਂ ਨੂੰ ਮੜ੍ਹੀ-ਮਸਾਣ ਵਿਚ ਬਦਲਦਾ ਗਿਆ। ਇਸ ਤੋਂ ਦਸ ਵਰ੍ਹੇ ਪਿਛੋਂ ਅਹਿਮਦਸ਼ਾਹ ਦੁਰਾਨੀ ਕਾਬਲ ਉਤੇ ਕਬਜ਼ਾ ਕਰਕੇ ਪੰਜਾਬ ਵਲ ਹਨੇਰੀ ਵਾਂਗ ਵਧਿਆ। ਇਥੋਂ ਦੇ ਜੀਵਨ ਨੂੰ ਹਰ ਪਹਿਲੂ ਤੋਂ ਮੁਕੰਮਲ ਤੌਰ ਤੇ ਤਰੁੰਡ-ਮਰੁੰਡ ਗਿਆ। ਇਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਸੰਖੇਪ ਰੂਪ ਵਿਚ ਦੇਣ ਤੋਂ ਸਾਡਾ ਆਸ਼ਾ ਇਹ ਹੈ ਕਿ ਇਨ੍ਹਾਂ ਘਟਨਾਵਾਂ ਦਾ ਉਸ ਸਮੇਂ ਦੀ ਸਾਹਿਤ ਨੁਹਾਰ ਨੂੰ ਨਿਸ਼ਚਿਤ ਕਰਨ ਅਤੇ ਉਸ ਦੀ ਆਤਮਾ ਨੂੰ ਬਦਲਣ ਵਿਚ ਬਹੁਤ ਵੱਡਾ ਹੱਥ ਹੈ। ਇਸ ਪਿਛੋਕੜ ਨੂੰ ਅੱਖੋਂ ਪਰੋਖੇ ਕਰਕੇ ਉਸ ਸਮੇਂ ਦੇ ਸਾਹਿਤ ਦੀ ਆਤਮਾ ਨੂੰ ਭਲੀ-ਭਾਂਤ ਸਮਝਿਆ ਨਹੀਂ ਜਾ ਸਕਦਾ।

ਇਨ੍ਹਾਂ ਘਟਨਾਵਾਂ ਦਾ ਸਿੱਧਾ ਅਸਰ ਇਸ ਗੱਲ ਵਿਚ ਵੇਖਿਆ ਜਾ ਸਕਦਾ ਹੈ ਕਿ ਉਸ ਸਮੇਂ ਦੀ ਹਿੰਦੂ ਸਾਹਿਤ ਦੀ ਰਚਨਾ ਦੀ ਪਰੰਪਰਾ ਪੰਜਾਬ ਵਿਚ ਕੁਝ ਸਮੇਂ ਲਈ ਉੱਕਾ ਹੀ ਅਲੋਪ ਹੋ ਗਈ। 1708 ਤੋਂ 1765 ਤਕ ਸਮਾਂ ਪੂਰਨ ਤੌਰ ਤੇ ਅਸ਼ਾਂਤੀ ਤੇ ਯੁੱਧ ਦਾ ਸਮਾਂ ਸੀ। ਜੇਕਰ ਇਸ ਨੂੰ ਰਾਜਨੀਤਿਕ ਅਤੇ ਧਾਰਮਿਕ ਤੌਰ ਤੇ ਪੰਜਾਬੀ ਜੀਵਨ ਦਾ ਸਭ ਤੋਂ ਹਨੇਰਾ ਸਮਾਂ ਮੰਨ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਡਾ. ਮੋਹਨ ਸਿੰਘ (ਪੰਜਾਬ ਦਾ ਇਤਿਹਾਸ, ਸਫ਼ਾ 53) ਅਨੁਸਾਰ, ਪੰਜਾਬ ਦੇ ਹਿੰਦੂ ਤੇ ਸਿੱਖ ਇਸ ਸਮੇਂ ਆਪਣੇ ਬਚਾਉ, ਜੁਆਬੀ ਹਮਲੇ ਤੇ ਹਰ ਖੇਤਰ ਵਿਚ ਹੋ ਰਹੇ ਜ਼ੁਲਮ ਨਾਲ ਤਿਆਰ ਬਰ ਤਿਆਰ ਹੋ ਆਪਣੀ ਜ਼ਿੰਦ ਦੀ ਬਾਜ਼ੀ ਲਾ ਰਹੇ ਸਨ। ਕਾਵਿ-ਸਿਰਜਣ ਅਤੇ ਕਾਵਿ-ਰਸ ਮਾਣਨ ਦੀ ਵਿਹਲ ਕਿਸੇ ਕੋਲ ਨਹੀਂ ਸੀ। ਅਜਿਹੇ ਹਾਲਾਤ ਵਿਚ ਕੋਈ ਵੱਡੀ ਗੱਲ ਨਹੀਂ ਕਿ 1705 ਤੋਂ 1765 ਤਕ ਜੋ ਪਿਛਲੇ ਮੁਗਲ ਕਾਲ ਦਾ ਵਡੇਰਾ ਭਾਗ ਬਣਦਾ ਹੈ, ਪੰਜਾਬੀਆਂ ਦੁਆਰਾ (ਵਿਸ਼ੇਸ਼ ਕਰਕੇ ਸਿੱਖਾਂ ਦੁਆਰਾ) ਕੋਈ ਮਹੱਤਵਪੂਰਣ ਰਚਨਾ ਨਾ ਕੀਤੀ ਗਈ ਹੋਵੇ। ਇਸ ਤੋਂ ਪਿੱਛੋਂ ਵੀ ਸਾਹਿਤ ਰਚਨਾ ਦੀ ਚਾਲ ਮੱਧਮ ਹੀ ਰਹੀ ਹੈ।

ਇਸ ਕਾਲ ਵਿਚ ਬਹੁਤ ਕਰਕੇ ਮੁਸਲਮਾਨ, ਸੂਫ਼ੀ ਫ਼ਕੀਰਾਂ ਤੇ ਕਿੱਸਾ-ਕਵੀਆਂ ਨੇ ਕਵਿਤਾ ਰਚੀ। ਇਸ ਸਮੇਂ ਲਗਭਗ ਕਿੱਸਾ-ਕਾਵਿ ਦਾ ਦੌਰ ਰਿਹਾ। ਹਾਮਿਦ, ਮੁਕਬਲ, ਵਾਰਿਸ ਅਤੇ ਅਹਿਮਦ ਨੇ ਹੀਰ-ਸਾਹਿਤ ਦੀ ਰਚਨਾ ਕੀਤੀ। ਵਾਰਿਸ਼ ਸ਼ਾਹ ਨੇ ਆਪਣੀ ਹੀਰ ਲਿਖ ਕੇ ਇਸ ਕਾਲ ਵਿਚ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਸਮੇਂ ਸੂਫ਼ੀ-ਫ਼ਕੀਰਾਂ ਦੀ ਮਾਨਤਾ ਬੜੀ ਵੱਧ ਚੁੱਕੀ ਸੀ। ਹਿੰਦੂ ਅਤੇ ਮੁਸਲਮਾਨ ਦੋਹਾਂ ਜਾਤੀਆਂ ਦੀ ਵੱਡੀ ਗਿਣਤੀ ਸੂਫ਼ੀ ਸੰਤਾਂ, ਫ਼ਕੀਰਾਂ ਦੇ ਦਰਵੇਸ਼ੀ ਗੁਣਾਂ ਤੇ ਚਮਤਕਾਰਾਂ ਤੋਂ ਪ੍ਰਭਾਵਿਤ ਸੀ। ਇਸ ਸਮੇਂ ਬੁੱਲ੍ਹੇ ਸ਼ਾਹ ਨੂੰ ਇਕ ਉਚੀ ਕਰਣੀ ਵਾਲਾ ਫ਼ਕੀਰ ਮੰਨਿਆ ਗਿਆ ਜਿਸ ਦਾ ਪੰਜਾਬੀ ਜਨ-ਸਧਾਰਣ ਦੇ ਦਿਲਾਂ ਵਿਚ ਨਿੱਘਾ ਆਦਰ ਮਾਣ ਸੀ। ਪੰਜਾਬੀ ਵਿਚ ਰਚਿਤ ਉਸ ਦੀਆਂ ਕਾਫ਼ੀਆਂ ਬੜੀ ਮਸਤੀ ਨਾਲ ਗਾਈਆਂ ਜਾਂਦੀਆਂ ਹਨ। ਇਸ ਤੋ ਬਿਨਾਂ ਸੁਲਤਾਨ ਬਾਹੂ, ਵਜੀਦ, ਅਲੀ ਹੈਦਰ, ਸ਼ਾਹ ਮੁਰਾਦ, ਸ਼ਾਹ ਮੁਕੀਮ ਆਦਿ ਸੂਫ਼ੀ ਫ਼ਕੀਰਾਂ ਨੇ ਵੀ ਪੰਜਾਬੀ ਸਰੋਦੀ ਕਾਵਿ ਦਾ ਉੱਤਮ ਨਮੂਨਾ ਪੇਸ਼ ਕੀਤਾ।

1:2 ਰਾਜਨੀਤਿਕ ਪਿਛੋਕੜ

ਸਿੱਖਾਂ ਅਤੇ ਮੁਗਲਾਂ ਦੀ ਆਪਸੀ ਟੱਕਰ ਇਹ ਗੱਲ ਨਿਸ਼ਚਿਤ ਕਰਦੀ ਹੈ ਕਿ ਪਿਛਲੇਰੇ ਮੁਗਲ ਕਾਲ ਵਿਚ ਅਤੇ ਇਸ ਤੋਂ ਪਹਿਲਾਂ ਧਰਮ ਹੀ ਕੌਮੀ ਜਜ਼ਬੇ ਅਤੇ ਰਾਜਸੀ ਸਰਗਰਮੀਆਂ ਦੀ ਅਗਵਾਈ ਕਰ ਰਿਹਾ ਸੀ। ਮੁਗਲ ਹਾਕਮ ਪੰਜਾਬ ਦੇ ਹਿੰਦੂਆਂ ਉਤੇ ਅਕਹਿ ਅਤਿਆਚਾਰ ਕਰ ਰਹੇ ਸਨ ਅਤੇ ਇਨ੍ਹਾਂ ਅਤਿਆਚਾਰਾਂ ਨੂੰ ਸਹਾਰਨ ਵਾਲੇ ਸਿੱਖ ਹੀ ਸਨ ਕਿਉਂਕਿ ਉਸ ਸਮੇਂ ਦੀ ਭਾਰਤੀ ਸੰਸਕ੍ਰਿਤੀ ਦਾ ਬਚਾਉ ਕਰਨ ਲਈ ਸੰਘਰਸ਼ ਸਿੱਖ ਗੁਰੂ ਸਾਹਿਬਾਨ ਹੀ ਕਰ ਰਹੇ ਸਨ। ਲੋਕਾਂ ਨੂੰ ਮੁਸਲਮਾਨ ਬਣਨ ਲਈ ਪ੍ਰੇਰਿਆ ਜਾਂਦਾ ਸੀ, ਕਈ ਤਰ੍ਹਾਂ ਦੇ ਸੁਖ-ਸੁਆਦਾਂ ਦੇ ਲਗਾਤਾਰ ਲਾਲਚ ਦਿੱਤੇ ਜਾਂਦੇ ਸਨ ਅਤੇ ਜੇਕਰ ਉਹ ਕਿਸੇ ਤਰ੍ਹਾਂ ਵੀ ਦਬਾਅ ਜਾਂ ਲਾਲਚ ਦੇ ਅਸਰ ਥੱਲੇ ਨਾ ਆਉਣ ਤਾਂ ਉਨ੍ਹਾਂ ਨੂੰ ਬੜੀ ਬੇਦਰਦੀ ਨਾਲ ਮਾਰ ਦਿੱਤਾ ਜਾਂਦਾ ਸੀ ਤੇ ਇਸ ਰਾਹੀ ਦੂਜੇ ਲੋਕਾਂ ਦੇ ਦਿਲ ਵਿਚ ਸਹਿਮ ਪੈਦਾ ਕੀਤਾ ਜਾਂਦਾ ਸੀ। ਇਹ ਮਜ਼ਹਬੀ ਜਨੂੰਨ ਕੇਵਲ ਇਸਲਾਮੀ ਘੇਰੇ ਨੂੰ ਵਧਾਉਣ ਵਾਸਤੇ ਹੀ ਨਹੀਂ ਵਿਖਾਇਆ ਜਾਂਦਾ ਸੀ ਬਲਕਿ ਇਸ ਰਾਹੀ ਮੁਗਲ ਆਪਣੇ ਰਾਜਸੀ ਮਨੋਰਥ ਦੀ ਵੀ ਪੂਰਤੀ ਕਰਦੇ ਸਨ। ਇਸ ਤਰ੍ਹਾਂ ਸਿੱਖ ਆਪਣੇ ਧਰਮ ਯੁੱਧਾਂ ਦੁਆਰਾ ਮੁਗਲ ਸਾਮਰਾਜ ਦੇ ਖਿਲਾਫ਼ ਅੰਦੋਲਨ ਚਲਾਉਂਦੇ ਰਹੇ ਅਤੇ ਸ਼ਾਸਕ ਵੀ ਇਸਲਾਮ ਧਰਮ ਦਾ ਨਾਅਰਾ ਲਗਾਅ ਕੇ ਆਪਣੇ

ਵਿਰੋਧੀਆਂ ਨੂੰ ਕੁਚਲਣ ਅਤੇ ਆਪਣੀ ਤਾਕਤ ਵਧਾਉਣ ਵਿਚ ਲੱਗੇ ਰਹੇ।

ਸਿੱਖਾਂ ਅਤੇ ਮੁਗਲਾਂ ਦੇ ਸੰਘਰਸ਼ ਵਿਚ ਧਾਰਮਿਕ ਕੱਟੜਤਾ ਏਨੀ ਵੱਧ ਗਈ ਸੀ ਕਿ ਹਕੂਮਤ ਦਾ ਸਮਰਥਨ ਕਰਨ ਲਈ ਧਰਮ ਇਕ ਪ੍ਰਤੀਕ ਬਣਦਾ ਗਿਆ। (ਡਾ. ਹਰਭਜਨ ਸਿੰਘ ਗੁਰਮੁਖੀ ਲਿਪੀ ਮੇਂ ਉਪਲੱਬਧ ਹਿੰਦੀ ਕਾਵਯ ਦਾ ਆਲੋਚਨਾਤਮਕ ਅਧਿਐਨ) ਧਰਮ ਦੇ ਇਸ ਵਧਦੇ ਮਹੱਤਵ ਦਾ ਅਸਰ ਉਸ ਸਮੇਂ ਦੇ ਸਾਹਿਤ ਉਤੇ ਵੀ ਪ੍ਰਤੱਖ ਨਜ਼ਰ ਆਉਂਦਾ ਹੈ। ਉਸ ਸਮੇਂ ਦੇ ਸਾਹਿਤ ਵਿਚ ਅਜੇਹੇ ਹੀ ਜੀਵਨ ਸੰਘਰਸ਼ ਨੂੰ ਉਲੀਕਿਆ ਗਿਆ ਹੈ। ਜਿਸ ਪਿੱਛੇ ਸਭ ਤੋਂ ਵੱਡੀ ਪ੍ਰੇਰਨਾ ਧਰਮ ਯੁੱਧ ਦੀ ਮਿਲਦੀ ਹੈ। ਪ੍ਰੇਮ ਦੀ ਭਾਵਨਾ, ਚਾਹੇ ਉਹ ਦੁਨਿਆਵੀ ਹੈ ਜਾਂ ਅਧਿਆਤਮਕ, ਉਸ ਦੇ ਅਸਲ ਵਿਚ ਸੰਘਰਸ਼ ਕਰਨ ਵਾਲਾ ਮਾਨਵ ਧਰਮ ਯੁੱਧ ਦੇ ਚਾਅ ਨਾਲ ਹੀ ਲੜਦਾ ਦਿਖਾਇਆ ਹੈ। ਬੀਰ-ਰਸ ਦੇ ਕਾਵਿ ਵਿਚ ਪ੍ਰਗਟਾਇਆ ਗਿਆ ਜਜ਼ਬਾ ਤਾਂ ਸੁਭ-ਭਾਵਨਾ ਨਾਲ ਭਰਪੂਰ ਹੈ ਹੀ, ਕਿੱਸਾ ਕਾਵਿ ਅਤੇ ਸੂਫ਼ੀ ਕਾਵਿ ਵਿਚ ਵੀ ਸਾਧਨਾ ਕਰਨ ਵਾਲੇ ਜੀਵ ਧਰਮ ਰੱਖਿਆ ਦੇ ਜਜ਼ਬੇ ਨਾਲ ਪ੍ਰੇਰਿਤ ਸੂਰਮਗਤੀ ਦੇ ਢਾਂਚੇ ਵਿਚ ਢਲੇ ਨਜ਼ਰ ਆਉਂਦੇ ਹਨ। ਇਥੇ ਆਸ਼ਕ ਅਤੇ ਯੋਧੇ ਦੇ ਬਿੰਬ ਵਿਚ ਬੜੀ ਸਮਾਨਤਾ ਨਜ਼ਰ ਆਉਂਦੀ ਹੈ। ਅਜਿਹੇ ਚੌਗਿਰਦੇ ਵਿਚ ਆਸ਼ਕ ਨੂੰ ਨਿਸ਼ਚੇ ਹੀ ਯੋਧੇ ਬਣ ਕੇ ਵਿਚਰਨਾ ਪਵੇਗਾ। ਜੇ ਉਹ ਅਜੇਹਾ ਨਹੀ ਕਰ ਸਕਦਾ ਤਾਂ ਉਸ ਦੀ ਹੋਂਦ ਰਾਜਸੀ ਉਥਲ-ਪੁਥਲ ਦੀ ਗਰਦ ਹੇਠ ਦੱਬ ਕੇ ਰਹਿ ਜਾਏਗੀ।

1:3 ਸਮਾਜਿਕ ਦਸ਼ਾ

ਪਿਛਲੇਰੇ ਮੁਗਲ ਕਾਲ ਵਿਚ ਰਾਜਨੀਤਿਕ ਅਧੋਗਤੀ ਆਉਣ ਦੇ ਨਾਲ ਉਸ ਕਾਲ ਦਾ ਸਮਾਜਿਕ ਜੀਵਨ ਵੀ ਬੜੀ ਤਰਸਯੋਗ ਹਾਲਤ ਵਿਚੋਂ ਲੰਘ ਰਿਹਾ ਸੀ। ਹਿੰਦੂਆਂ ਵਿਚ ਜਾਤ ਦੇ ਬੰਧਨ ਪਹਿਲਾਂ ਹੀ ਕਾਫ਼ੀ ਕਠੋਰ ਸਨ ਅਤੇ ਉਸ ਵੇਲੇ ਦਾ ਮੁਸਲਮਾਨੀ ਭਾਈਚਾਰਾ ਵੀ ਜਾਤ-ਪਾਤ ਤੇ ਊਚ-ਨੀਚ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਚੁੱਕਾ ਸੀ। ਹਿੰਦੂਆਂ ਦੀ ਬਹੁ-ਗਿਣਤੀ ਇਸਲਾਮ ਨੂੰ ਸਵੀਕਾਰ ਕਰ ਚੁੱਕੀ ਸੀ। ਪਰ ਜਾਤ-ਪਾਤ ਦੇ ਭੇਦ-ਭਾਵ ਅਤੇ ਵਿਤਕਰਿਆਂ ਤੋ ਉਹ ਮੁਕਤ ਨਾ ਹੋ ਸਕੇ, ਜਿਸ ਕਾਰਣ ਇਸ ਕਾਲ ਦਾ ਮੁਸਲਿਮ ਸਮਾਜ ਵੀ ਹਿੰਦੂਆਂ ਵਾਂਗ ਕਈ ਕਿਸਮ ਦੀਆਂ ਜਾਤਾਂ ਤੇ ਉਪਜਾਤਾਂ ਵਿਚ ਵੰਡਿਆ ਜਾ ਚੁੱਕਾ ਸੀ। ਮੁੱਖ ਤੌਰ ਤੇ ਮੁਸਲਮਾਨ ਦੋ ਜਮਾਤਾਂ ਵਿਚ ਵੰਡੇ ਹੋਏ ਸਨ। ਉਨ੍ਹਾਂ ਦੇ ਉਪਰਲੇ ਵਰਗ ਨੂੰ 'ਸਰੀਫ' ਅਤੇ ਨੀਵੇਂ ਨੂੰ 'ਅਜ਼ਲਾਫ' ਕਹਿੰਦੇ ਸਨ। ਉਪਰਲਾ ਵਰਗ ਧਰਮ ਪੁਸਤਕਾਂ ਵਿਚਾਲੇ ਹੁਕਮ ਦੀ ਸ਼ਾਬਦਿਕ ਪਾਲਣਾ ਕਰਦਾ ਸੀ ਅਤੇ ਨੀਵਾਂ ਵਰਗ ਵਹਿਮਾਂ-ਭਰਮਾਂ ਵਿਚ ਫਸਿਆ ਹੋਇਆ ਸੀ।

ਸਮਾਜਿਕ ਤੇ ਵਿਵਹਾਰਿਕ ਜੀਵਨ ਦੇ ਨਿਯਮਾਂ, ਰਸਮ-ਰਿਵਾਜਾਂ ਅਤੇ ਨਵੀਂ ਰਹਿਣੀ-ਬਹਿਣੀ ਦੇ ਲਿਹਾਜ਼ ਨਾਲ ਨੀਵੀਆਂ ਜਾਤਾਂ ਦੇ ਮੁਸਲਮਾਨ ਦੀ ਸ਼ਰੇਣੀ ਹਿੰਦੂ ਨੀਵੀਆਂ ਜਾਤੀਆਂ ਨਾਲ ਮਿਲਦੀ-ਜੁਲਦੀ ਸੀ। ਇਸ ਜਾਤੀ ਦੇ ਬਹੁਤੇ ਹਿੰਦੂ ਮੁਸਲਮਾਨ ਬਣੇ ਸਨ। ਇਸ ਕਾਰਣ ਇਹਨਾਂ ਦੇ ਸਾਹਿਤ ਵਿਚ ਪਿਆਰ ਅਨੁਭਵ ਕਾਫ਼ੀ ਹਦ ਤਕ ਭਾਰਤੀ ਅਦਵੈਤਵਾਦ ਦੀ ਰੰਗਤ ਵਿਚ ਰੰਗਿਆ ਹੋਇਆ ਸੀ। ਸੂਫ਼ੀ ਕਵੀ ਆਪਣੇ ਆਪ ਨੂੰ ਨੀਵੇ ਦੱਸ ਕੇ ਆਪਣੀ ਪ੍ਰੇਮ ਸਾਧਨਾ ਵਿਚ ਜਾਤ-ਪਾਤ, ਉਚ-ਨੀਚ, ਗਰੀਬ-ਅਮੀਰ ਦੇ ਭੇਦ-ਭਾਵਾਂ ਤੋਂ ਉਪਰ ਉੱਠ ਕੇ ਸ਼ੁੱਧ ਪ੍ਰੇਮ ਵਿਚ ਮਸਤ ਆਦਰਸ਼ ਮਨੁੱਖ ਦਾ ਸੰਕਲਪ ਪੇਸ਼ ਕਰ ਰਹੇ ਸਨ। ਪੰਜਾਬੀ ਮੁਸਲਮਾਨਾਂ ਦਾ ਇਹ ਵਰਗ ਜਾਤ ਅਤੇ ਸਭਿਆਚਾਰ ਦੇ ਪੱਖ ਤੋ ਭਾਰਤੀ ਰੂਪ ਧਾਰਣ ਕਰ ਚੁੱਕਾ ਸੀ। ਇਨ੍ਹਾਂ ਦੀ ਭਾਸ਼ਾ ਤੇ ਪਹਿਰਾਵਾ ਪੰਜਾਬੀ ਬਣ ਚੁੱਕਾ ਸੀ ਅਤੇ ਇਹ ਤੁਰਕ ਨਾ ਰਹਿ ਕੇ ਕਾਫ਼ੀ ਹੱਦ ਤਕ ਪੰਜਾਬੀ ਬਣ ਚੁੱਕੇ ਸਨ।

ਤੁਰਕ ਸ਼ਬਦ ਹੁਕਮਰਾਨ ਸ਼ਰੇਣੀ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਇਸ ਸ਼੍ਰੇਣੀ ਦੇ ਬਹੁਤੇ ਲੋਕ ਕੱਟੜ-ਪੰਥੀ ਦ੍ਰਿੜ੍ਹ ਵਿਚਾਰਾਂ ਵਾਲੇ ਤੁਅੱਸਬੀ ਮੁਸਲਮਾਨ ਸਨ ਜਿਨ੍ਹਾਂ ਦੇ ਹੱਥਾਂ ਵਿਚ ਧਰਮ ਨਿੱਜੀ ਸਵਾਰਥਾਂ ਦੀ ਪੂਰਤੀ ਦਾ ਇਕ ਸਾਧਨ ਬਣ ਚੁੱਕਾ ਸੀ। ਇਹ ਸ਼ਰ੍ਹਾ ਅਤੇ ਧਾਰਮਿਕ ਨਿਯਮਾਂ ਦੇ ਪਾਲਣ ਉਤੇ ਜ਼ੋਰ ਦਿੰਦੇ ਸਨ ਅਤੇ ਇਨ੍ਹਾਂ ਦੀ ਆਤਮਾ ਇਕ ਕਿਸਮ ਦੀ ਚਿੰਨ੍ਹ ਪੂਜਾ ਦਾ ਸ਼ਿਕਾਰ ਬਣ ਚੁੱਕੀ ਸੀ। ਧਾਰਮਿਕ ਅਤੇ ਸਭਿਆਚਾਰਕ ਤੌਰ ਤੇ ਵੀ ਇਹ ਜਾਤੀ ਅਭਾਰਤੀ ਹੀ ਰਹੀ। ਪਹਿਲੇ ਮੁਗਲ ਕਾਲ ਵਿਚ ਰਚੀ ਗਈ ਗੁਰਬਾਣੀ ਵਿਚ ਇਸੇ ਤੁਰਕ ਵਰਗ ਦੀ ਨਿੰਦਾ ਕੀਤੀ ਗਈ ਹੈ ਪਰ ਮੁਸਲਮਾਨ ਦਾ ਜ਼ਿਕਰ ਹਮੇਸ਼ਾਂ ਆਦਰ ਭਰੇ ਸ਼ਬਦਾਂ ਵਿਚ ਕੀਤਾ ਹੈ। ਇਸ ਵਰਗ ਦੇ ਲੋਕਾਂ ਨੇ ਸਾਹਿਤ ਰਚਨਾ ਵਲ ਕੋਈ ਰੁਚੀ ਨਹੀਂ ਦਿਖਾਈ ਕਿਉਂਕਿ ਇਹ ਉਸ ਵੇਲੇ ਵੀ ਹਿੰਦੂ ਜਨਤਾ ਦੇ ਵਿਨਾਸ਼ ਵਿਚ ਲੱਗੇ ਹੋਏ ਸੀ। ਸਾਹਿਤ ਵਰਗੀ ਕੋਮਲ ਕਲਾ ਨੂੰ ਲਿਖਣ ਤੇ ਮਾਨਣ ਦਾ ਇਹਨਾਂ ਨੂੰ ਸ਼ੋਕ ਕਿਥੇ ਹੋਣਾ ਸੀ ? ਸਾਹਿਤ ਰਚਨਾ ਦੂਜੇ

ਵਰਗ ਨੇ ਕੀਤੀ ਜੋ ਪੰਜਾਬੀ ਸਭਿਆਚਾਰ ਦੀ ਧਾਰਾ ਵਿਚ ਪੂਰੀ ਤਰ੍ਹਾਂ ਘੁਲ-ਮਿਲ ਗਿਆ ਸੀ।

ਸੁਲਤਾਨ ਬਾਹੂ, ਬੁਲ੍ਹੇ ਸ਼ਾਹ, ਅਲੀ ਹੈਦਰ, ਵਜ਼ੀਦ ਆਦਿ ਕਵੀਆਂ ਨੇ ਸੂਫ਼ੀ ਪਦਾਂ ਦੀ ਰਚਨਾ ਕੀਤੀ ਅਤੇ ਹਾਫ਼ਜ਼ ਬਰੁਖੁਰਦਾਰ, ਅਹਿਮਦ, ਮੁਕਬਲ, ਵਾਰਿਸ ਆਦਿ ਕਿੱਸਾ-ਕਵੀਆਂ ਨੇ ਪੰਜਾਬ ਦੀਆਂ ਪ੍ਰੇਮ ਕਹਾਣੀਆਂ ਨੂੰ ਪੰਜਾਬੀ ਜਨਤਾ ਅੱਗੇ ਗਾ ਕੇ ਸੁਣਾਇਆ। ਇਸ ਕਾਲ ਵਿਚ ਇਸ ਸ਼੍ਰੇਣੀ ਦੇ ਲੋਕ ਆਪਣੇ ਸਾਹਿਤ ਰਾਹੀਂ ਪ੍ਰੇਮ ਦਾ ਸੁਨੇਹਾ ਦਿੰਦੇ ਸਨ, ਹਿੰਦੂ ਮੁਸਲਮਾਨਾਂ ਦੇ ਭੇਦ ਭਾਵਾਂ ਨੂੰ ਮਿਟਾਉਣ ਲਈ ਪ੍ਰੇਰਣਾ ਦੇਂਦੇ ਸਨ। ਇਸ ਸ਼੍ਰੇਣੀ ਦੇ ਕਵੀ ਬਹੁਤੇ ਕਰਕੇ ਮਸਤ-ਅਲਮਸਤ ਸੁਭਾਅ ਦੇ ਸਨ ਜੋ ਦੁਨੀਆਂ ਦੇ ਰਾਮ ਰੌਲਿਆਂ ਤੋਂ ਕਿਨਾਰਾ ਕਰਕੇ ਸਰਬ ਸਾਂਝੀਵਾਲਤਾ ਤੇ ਮਨੁੱਖੀ ਭਗਤੀ-ਭਾਵ ਦਾ ਪ੍ਰਚਾਰ ਕਰਦੇ ਸਨ। ਹਾਕਮ ਜ਼ਾਤੀ ਦੇ ਜ਼ੁਲਮ-ਤਸੱਦਦ ਦਾ ਉਹ ਵਿਰੋਧ ਨਹੀ ਕਰਦੇ ਅਤੇ ਸਿੱਖ ਲਹਿਰ ਰਾਹੀਂ ਪੈਦਾ ਨਵੀਂ ਕੌਮੀ ਚੇਤਨਾ ਨਾਲ ਵੀ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਸੀ।

ਇਸ ਕਾਲ ਵਿਚ ਹਿੰਦੂ ਸਮਾਜ ਦਾ ਵਡੇਰਾ ਭਾਗ ਜ਼ਿੰਦਗੀ ਦੇ ਅਸਲ ਤੋਂ ਭਾਂਜ ਖਾ ਚੁੱਕਾ ਸੀ। ਸਿੱਖ ਕਾਵਿ-ਧਾਰਾ ਜਿਵੇਂ ਕਿ ਪਹਿਲਾਂ ਵੇਖਿਆ ਗਿਆ ਹੈ, ਮੱਧਮ ਪੈ ਚੁੱਕੀ ਸੀ। ਟਾਵੇਂ ਟਾਵੇਂ ਨਿਰਮਲੇ ਉਦਾਸੀ, ਜਿਵੇਂ ਕਿ ਭਾਈ ਗਰੀਬ ਦਾਸ, ਗੁਲਾਬ ਸਿੰਘ, ਸਾਹਿਬ ਜੈ ਸਿੰਘ, ਭਾਈ ਅੱਡਣ ਸ਼ਾਹ ਆਦਿ ਲੇਖਕ ਇਸ ਸਮੇਂ ਦੀ ਸਿੱਖ ਪਰੰਪਰਾ ਦੇ ਪ੍ਰਤੀਨਿਧ ਸਨ। ਇਨ੍ਹਾਂ ਨੇ ਭਾਰਤ ਦੀ ਪੌਰਾਣਿਕ ਪਰੰਪਰਾ ਨਾਲ ਜੁੜਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੇ ਭਾਸ਼ਾ ਹਿੰਦੀ ਹੀ ਵਰਤੀ ਅਤੇ ਗੁਰਮੁਖੀ ਲਿਪੀ ਵਿਚ ਲਿਖਿਆ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਕਾਲ ਵਿਚ ਪੰਜਾਬੀ ਪ੍ਰਤਿਭਾ ਨੂੰ ਪੰਜਾਬ ਤੋਂ ਬਾਹਰ ਵਧਣ-ਫੁੱਲਣ ਦਾ ਮੌਕਾ ਮਿਲਿਆ। ਮੁਸਲਮਾਨ ਕਵੀਆਂ ਨੇ ਪੰਜਾਬੀ ਭਾਸ਼ਾ ਤੇ ਫ਼ਾਰਸੀ ਲਿਪੀ ਵਿਚ ਲਿਖਿਆ। ਇਉਂ ਇਸ ਕਾਲ ਵਿਚ ਭਾਸ਼ਾਵਾਂ ਤੋਂ ਲਿਪੀਆਂ ਦਾ ਇਹ ਧੁਰਵੀਕਰਣ (Polarization) ਉਸ ਕਾਲ ਦੇ ਧਾਰਮਿਕ ਅਤੇ ਰਾਜਨੀਤਿਕ ਧਰੁਵੀਕਰਣ ਦੀ ਹੀ ਝਲਕ ਮਾਤਰ ਹੈ। ਪੰਜਾਬ ਵਿਚ ਪੰਜਾਬੀ ਵਿਚ ਸਾਹਿਤ ਰਚਨਾ ਦੀ ਪਰੰਪਰਾ ਬਾਬਾ ਫ਼ਰੀਦ ਤੋਂ ਹੀ ਸ਼ੁਰੂ ਹੁੰਦੀ ਹੈ। ਪਿੱਛੋਂ ਗੁਰੂ ਸਾਹਿਬਾਨ ਨੇ ਇਸ ਨੂੰ ਅੱਗੇ ਤੋਰਿਆ ਅਤੇ ਇਸ ਕਾਲ ਵਿਚ ਇਹ ਪੂਰੀ ਤਰ੍ਹਾਂ ਰਚ ਕੇ ਸਾਹਮਣੇ ਆਈ।

ਇਉਂ ਕਹਿ ਸਕਦੇ ਹਾਂ ਕਿ ਭਾਸ਼ਾ ਅਤੇ ਲਿਪੀ ਦੇ ਪੱਖ ਤੋਂ ਵੀ ਇਹ ਕਾਲ ਬੜੀ ਦਿਲਚਸਪ ਸਥਿਤੀ ਪੇਸ਼ ਕਰਦਾ ਹੈ। ਇਸ ਕਾਲ ਵਿਚ ਸਾਹਿਤ ਚਾਹੇ ਨਿਰਮਲਿਆਂ ਨੇ ਲਿਖਿਆ ਹੈ, ਚਾਹੇ ਮੁਸਲਮਾਨ ਸੂਫ਼ੀ ਫ਼ਕੀਰਾਂ ਨੇ, ਪੰਜਾਬੀ ਕਿੱਸਾ ਕਵੀਆ ਨੇ, ਇਸ ਦੀ ਦਿਸ਼ਾ ਵਧੇਰੇ ਕਰਕੇ ਲੋਕ ਮੁੱਖੀ ਹੀ ਰਹੀ ਹੈ। ਇਹ ਪੰਜਾਬੀ ਜਨਤਾ ਦੇ ਸੁਫ਼ਨਿਆਂ ਨੂੰ ਸਾਕਾਰ ਕਰਦਾ ਰਿਹਾ ਹੈ ਅਤੇ ਉਸ ਦੀਆਂ ਅਤ੍ਰਿਪਤ ਕਾਮਨਾਵਾਂ ਨੂੰ ਰੂਪਮਾਨ ਕਰਦਾ ਹੈ, ਉਨ੍ਹਾਂ ਦੇ ਦੁੱਖ-ਸੁੱਖ ਦਾ ਪੂਰੀ ਤਰ੍ਹਾਂ ਭਾਈਵਾਲ ਰਿਹਾ ਹੈ। ਇਸ ਨੂੰ ਸਪਸ਼ਟ ਸ਼ਬਦਾਂ ਵਿਚ ਪੰਜਾਬ ਦੇ ਜਨਸਮੂਹ ਦਾ ਸਾਹਿਤ ਕਿਹਾ ਜਾ ਸਕਦਾ ਹੈ।

ਅ 1:4.0 ਪਿਛਲੇਰੇ ਮੁਗਲਕਾਲ ਦਾ ਸੂਫ਼ੀ ਸਾਹਿਤ

ਬੁਲ੍ਹੇ ਸ਼ਾਹ

(1680 ਈ. ਤੋਂ 1752 ਈ.)

ਬੁਲ੍ਹੇ ਸ਼ਾਹ ਪਿਛਲੇਰੇ ਮੁਗਲ ਕਾਲ ਦਾ ਸਭ ਤੋਂ ਪ੍ਰਸਿੱਧ ਸੂਫ਼ੀ ਕਵੀ ਹੈ। ਇਸ ਦੇ ਜੀਵਨ ਬਾਰੇ ਘੱਟ ਵਾਕਫ਼ੀਅਤ ਮਿਲਦੀ ਹੈ। ਬੁਲ੍ਹੇ ਸ਼ਾਹ ਦਾ ਜਨਮ ਕਸੂਰ ਦੇ ਨੇੜੇ ਪੰਡੋਕੇ, ਜ਼ਿਲ੍ਹਾ ਲਾਹੌਰ ਵਿਚ 1680 ਈ. ਵਿਚ ਸਾਈਂ ਮੁਹੰਮਦ ਦਰਵੇਸ਼ ਦੇ ਘਰ ਹੋਇਆ। ਬਾਅਦ ਵਿਚ ਉਸ ਨੇ ਹਜ਼ਰਤ ਸ਼ਾਹ ਅਨਾਇਤ ਨੂੰ ਆਪਣਾ ਗੁਰੂ ਧਾਰਣ ਕੀਤਾ। ਬੁਲ੍ਹੇ ਸ਼ਾਹ ਸਾਰੀ ਉਮਰ ਕੰਵਾਰਾ ਰਹਿ ਕੇ ਮਸਤ ਫ਼ਕੀਰਾਂ ਵਾਂਗ ਵਿਚਰਦਾ ਰਿਹਾ। ਉਹ ਗਾਉਂਦਾ, ਵਜਾਉਂਦਾ ਅਤੇ ਨੱਚਦਾ ਵੀ ਸੀ। 1752 ਈ. ਵਿਚ ਉਸ ਦਾ ਦੇਹਾਂਤ ਹੋ ਗਿਆ।

ਬੁਲ੍ਹੇ ਸ਼ਾਹ ਨੇ ਪੰਜਾਬੀ ਵਿਚ ਵਧੇਰੇ ਕਰਕੇ ਕਾਫ਼ੀਆਂ ਦੀ ਰਚਨਾ ਕੀਤੀ ਹੈ। ਕੁਝ ਹੋਰ ਸਾਹਿਤ ਰੂਪ ਜਿਵੇਂ ਗੰਢਾਂ, ਅਠਵਾਰਾਂ, ਸ਼ੀਹਰਫੀ, ਬਾਰਾਂਮਾਹ ਤੇ ਦੋਹੜੇ ਆਦਿ ਵੀ ਇਨ੍ਹਾਂ ਦੇ ਨਾਂ ਨਾਲ ਜੋੜੇ ਜਾਂਦੇ ਹਨ। ਬੁਲ੍ਹੇ ਸ਼ਾਹ ਨੇ ਆਪਣੀਆਂ ਕਾਫ਼ੀਆਂ ਵਿਚ ਸਰਲ ਅਤੇ ਸਾਦੀ ਭਾਸ਼ਾ ਵਿਚ ਸੂਫ਼ੀ ਸਿਧਾਂਤਾਂ ਅਤੇ ਆਪਣੇ ਰਹੱਸਮਈ-ਅਨੁਭਵਾਂ ਨੂੰ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਚਿਤਰਿਆ ਹੈ। ਸੂਫ਼ੀਆਂ ਵਾਂਗ ਬੁਲ੍ਹੇ ਸ਼ਾਹ ਦਾ ਵਿਸ਼ਵਾਸ਼ ਹੈ ਕਿ ਪਰਮਾਤਮਾ ਇਸ ਪ੍ਰਕ੍ਰਿਤੀ ਦੇ ਕਣ-ਕਣ ਵਿਚ ਵਿਦਮਾਨ ਹੈ। ਆਤਮਾ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀ

ਹੈ। ਪਰੰਤੂ ਇਸ ਤੱਥ ਜਾਂ ਅੱਟਲ ਸਚਾਈ ਦਾ ਗਿਆਨ ਮਨੁੱਖ ਨੂੰ ਨਹੀਂ ਹੈ। ਅਜੇਹੇ ਗਿਆਨ ਦੀ ਪ੍ਰਾਪਤੀ ਨਾਲ ਮਨੁੱਖ ਜਾਂ ਜੀਵ-ਆਤਮਾ ਨਾਲ ਅਭੇਦਤਾ ਪ੍ਰਾਪਤ ਕਰ ਸਕਦੀ ਹੈ। ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਬੁਲ੍ਹੇ ਸ਼ਾਹ ਨੇ ਆਪਣੀਆਂ ਰਚਨਾਵਾਂ ਵਿਚ ਥਾਂ-ਥਾਂ ਤੇ ਪ੍ਰਗਟ ਕੀਤਾ ਹੈ। ਕੁਝ ਪ੍ਰਮਾਣ ਹਾਜ਼ਰ ਹਨ :

ਬੁਲ੍ਹੇ ਸ਼ਾਹ ਅਸੀਂ ਥੀਂ ਵੱਖ ਨਹੀਂ।
ਬਿਨ ਸ਼ਹੁ ਥੀ ਦੂਜਾ ਕੱਖ ਨਹੀਂ।
ਪਰ ਵੇਖਣ ਵਾਲੀ ਅੱਖ ਨਹੀਂ।
ਤਾਂ ਹੀ ਜਾਨ ਪਈ ਦੁੱਖ ਸਹਿੰਦੀ ਹੈ।

ਜਾਂ

ਬੁਲ੍ਹੇ ਸਾਈ ਘਟ ਘਟ ਰਾਵਿਆ, ਜਿਉਂ ਆਟੇ ਵਿਚ ਲੂਣ

ਘਟ ਘਟ ਵਿਚ ਰਚ ਰਹੇ ਇਸ ਪ੍ਰੀਤਮ ਨੂੰ ਪ੍ਰਾਪਤ ਕਰਨ ਲਈ ਜੰਗਲਾਂ ਬੇਲਿਆਂ ਵਿਚ ਜਾਣ ਦੀ ਲੋੜ ਨਹੀਂ। ਜਦੋਂ ਪਰਮਾਤਮਾ ਹਰ ਥਾਂ ਅਤੇ ਹਰ ਮਨੁੱਖ ਦੇ ਵਿਚ ਹੀ ਵਸਦਾ ਹੈ ਤਾਂ ਜੰਗਲਾਂ ਵਿਚ ਜਾ ਕੇ ਉਸ ਦੀ ਭਾਲ ਕਰਨਾ ਵਿਅਰਥ ਹੈ। ਮਨੁੱਖ ਨੂੰ ਆਪਣੇ ਅੰਦਰ ਹੀ ਖੋਜ ਕਰਨੀ ਚਾਹੀਦੀ ਹੈ। ਆਤਮਾ ਹੀ ਨਿਵਾਸ ਸਥਾਨ ਹੈ। ਇਸ ਲਈ ਬੁਲ੍ਹੇ ਸ਼ਾਹ ਦੇ ਭਾਵ ਨੂੰ ਤਿਆਗਣ ਅਤੇ ਜੰਗਲਾਂ ਬੇਲਿਆਂ ਦੀ ਥਾਂ ਮਨੁੱਖ ਨੂੰ ਆਪਣੇ ਅੰਦਰੋਂ ਹੀ ਪਰਮਾਤਮਾ ਦੀ ਖੋਜ ਵੱਲ ਪ੍ਰੇਰਦਾ ਹੈ :

ਮੈਂ ਤੇ ਰਾਂਝਾ ਇਕੋ, ਦੂਈ ਲੋਕਾਂ ਨੂੰ ਅਜ਼ਮਾਈ।
ਜਿਸ ਬੇਲੇ ਵਿਚ ਰਾਂਝਣ ਵਸੇ, ਉਸ ਦੀਆਂ ਲਵਾਂ ਬਲਾਂਈਂ।
ਬੁਲ੍ਹਿਆ ਸ਼ਹੁ ਨੂੰ ਪਾਸੇ ਛੱਡ ਕੇ, ਜੰਗਲ ਵੱਲ ਨਾ ਜਾਈਂ।

ਜਾਂ

ਹੀਰ ਰਾਂਝੇ ਦੇ ਹੋ ਗਏ ਮੇਲੇ,
ਭੁੱਲੀ ਹੀਰ ਢੂੰਡੇਂਦੀ ਬੇਲੇ,
ਰਾਂਝਣ ਯਾਰ ਬੁੱਕਲ ਵਿਚ ਖੇਲੇ,
ਮੈਨੂੰ ਸੁਧ ਰਹੀ ਨਾ ਸਾਰ।

ਇਸ ਪ੍ਰੀਤਮ-ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਜੀਵ ਨੂੰ ਆਪਣੇ ਮਨ ਵਿਚ ਇਸ ਪਵਿੱਤਰ ਪ੍ਰੇਮ ਦੀ ਪ੍ਰਚੰਡ ਜਵਾਲਾ ਪ੍ਰਜਵਲਿਤ ਕਰਨ ਦੀ ਜ਼ਰੂਰਤ ਹੈ। ਨਿਰਕਪਟ ਅਤੇ ਤੀਬਰ ਪ੍ਰੇਮ ਭਾਵਨਾ ਨਾਲ ਹੀ ਅਭੇਦਤਾ ਦੀ ਉਚ ਅਵਸਥਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਬੁਲ੍ਹੇ ਸ਼ਾਹ ਨੇ ਪ੍ਰੇਮ ਦੀ ਇਸ ਪੀੜ ਦਾ ਵਰਣਨ ਆਪਣੀ ਰਚਨਾ ਵਿਚ ਕਈ ਥਾਵਾਂ ਤੇ ਕੀਤਾ ਹੈ। ਪ੍ਰੇਮ ਪੀੜ ਦੇ ਕਾਰਣ ਮਨੁੱਖ ਲਈ ਹੋਰ ਦੁਨਿਆਵੀ ਰੁਝੇਵੇਂ ਨਿਰਮੂਲ ਹੋ ਜਾਂਦੇ ਹਨ ਅਤੇ ਉਸ ਦਾ ਮਨ ਇਨ੍ਹਾਂ ਤੋਂ ਉਚਾਟ ਹੋ ਜਾਂਦਾ ਹੈ, ਪ੍ਰੇਮੀ ਦੀ ਯਾਦ ਵਿਚ ਮਗਨ ਹੋ ਜਾਣ ਨਾਲ ਜਿਸ ਤਰ੍ਹਾਂ ਦੀ ਮਾਨਸਿਕ ਸਥਿਤੀ ਵਿਚੋਂ ਮਨੁੱਖ ਗੁਜ਼ਰਦਾ ਹੈ, ਬੁਲ੍ਹੇ ਸ਼ਾਹ ਨੇ ਉਸ ਦਾ ਚਿਤ੍ਰਣ ਇਸ ਪ੍ਰਕਾਰ ਕੀਤਾ ਹੈ :

ਹੱਥੀ ਢਿਲਕ ਗਈ ਮੇਰੇ ਚਰਖੇ ਦੀ, ਮੈਥੋਂ ਕਤਿਆ ਮੂਲ ਨਾ ਜਾਵੇ।
ਤੱਕਲੇ ਨੂੰ ਵਲ ਪੈ ਪੈ ਜਾਵੇ, ਕੌਣ ਲੁਹਾਰ ਬੁਲਾਵੇ।
ਘੜੀ ਘੜੀ ਇਹ ਝਲ ਖਾਂਦਾ, ਛੱਲੀ ਇਕ ਨਾ ਲਾਹਵੇ।
ਤ੍ਰਿੰਜਣ, ਕੱਤਣ ਤੁੱਮਣ ਸਈਆਂ, ਬਿਰਹੋਂ ਢੋਲ ਵਜਾਏ।
ਮਾਹੀ ਵਿਛੜ ਗਿਆ ਨਾਲ ਮਹੀਂ ਦੇ, ਹੁਣ ਕੱਤਣ ਕਿਸ ਨੂੰ ਭਾਵੇ ।

ਪ੍ਰਭੂ-ਪ੍ਰੇਮ ਦਾ ਇਹ ਮਾਰਗ ਬਹੁਤ ਕਠਿਨ ਹੈ। ਇਸ ਪ੍ਰੇਮ ਵਿਚ ਮਨੁੱਖ ਨੂੰ ਬਹੁਤ ਦੁੱਖ ਅਤੇ ਤਸੀਹੇ ਸਹਿਣੇ ਪੈਂਦੇ ਹਨ। ਇਨ੍ਹਾਂ ਦੁੱਖਾਂ ਨੂੰ ਸਹਿ ਕੇ ਹੀ ਮਨੁੱਖ ਦੀ ਅਜੇਹੀ ਪਵਿੱਤਰ ਨਿਸ਼ਕਪਟ ਮਾਨਸਿਕ ਦਸ਼ਾ ਦਾ ਨਿਰਮਾਣ ਹੁੰਦਾ ਹੈ, ਜਿਹੜੀ ਪ੍ਰਭੂ ਮਿਲਾਪ ਦਾ ਇਕ ਰਾਹ ਹੈ। ਪ੍ਰੇਮ ਮਾਰਗ ਦੀ ਇਸ ਕਠਿਨਾਈ ਨੂੰ ਬੁਲ੍ਹੇ

ਸ਼ਾਹ ਨੇ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ :

ਨੀ ਮੈਂ ਕੁਸੰਭੜਾ ਚੁਗ ਚੁਗ ਹਾਰੀ,
ਏਸ ਕੁਸੰਭੜਾ ਦੇ ਕੰਡੇ ਭੁਲੇਰੇ,
ਅੜ ਅੜ ਚੁਨਰੀ ਪਾੜੀ
ਏਸ ਕੁਸੰਭੜੇ ਦਾ ਹਾਕਮ ਕਰੜਾ, ਜ਼ਾਲਮ ਹੈ ਪਟਵਾਰੀ

ਸੂਫ਼ੀ ਮੱਤ ਵਿਚ ਕਾਮਿਲ ਮੁਰਸ਼ਦ ਅਰਥਾਤ ਕਿਸੇ ਪ੍ਰਵੀਣ ਗੁਰੂ ਨੂੰ ਧਾਰਨ ਕਰਨ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਕਿਸੇ ਸੱਚੇ ਗੁਰੂ ਤੋਂ ਬਿਨਾਂ ਅਧਿਆਤਮਕ ਉਚਤਾ ਨੂੰ ਪ੍ਰਾਪਤ ਕਰਨਾ ਮੁਸ਼ਕਿਲ ਹੈ। ਬੁਲ੍ਹੇ ਸ਼ਾਹ ਨੇ ਵੀ ਆਪਣੀ ਕਵਿਤਾ ਵਿਚ ਗੁਰੂ ਦੀ ਮਹੱਤਤਾ ਦਾ ਵਰਣਨ ਕੀਤਾ ਹੈ। ਵਿਸ਼ੇਸ਼ ਕਰਕੇ ਉਸ ਨੇ ਆਪਣੇ ਗੁਰੂ ਅਨਾਇਤ ਸ਼ਾਹ ਦੀ ਮਹਿਮਾ ਦਾ ਗਾਇਣ ਕੀਤਾ ਹੈ ਅਤੇ ਉਸ ਪ੍ਰਤੀ ਆਪਣੇ ਪ੍ਰੇਮ ਦਾ ਪ੍ਰਗਟਾਓ ਬੜੇ ਸੁੰਦਰ ਸ਼ਬਦਾਂ ਵਿਚ ਕੀਤਾ ਹੈ। ਸ਼ਾਹ ਅਨਾਇਤ ਨਾਲ ਸੰਯੋਗ ਪ੍ਰਾਪਤੀ ਦੀ ਤੜਪ ਨੂੰ ਉਸ ਨੇ ਇਸ ਪ੍ਰਕਾਰ ਪੇਸ਼ ਕੀਤਾ ਹੈ :

ਮੈਂ ਉਡੀਕਾਂ ਕਰ ਰਹੀ ਕਦੀ ਆ ਕਰ ਫੇਰਾ।
ਮੈਂ ਜੋ ਤੈਨੂੰ ਆਖਿਆ ਕੋਈ ਘੱਲ ਸੁਨੇਹੜਾ।
ਚੈਸ਼ਮ ਸੇਜ ਵਿਛਾਇਆ ਦਿਲ ਕੀਤਾ ਵਿਹੜਾ।
ਤੂੰ ਲਟਕੇਂਦਾ ਆ ਵੜੇਂ ਸ਼ਾਹ ਅਨਾਇਤ ਮੇਰਾ।

ਨਿਰਛਲ ਅਤੇ ਨਿਰਮਲ ਪ੍ਰੇਮ ਅਤੇ ਕਿਸੇ ਸੱਚੇ ਗੁਰੂ ਦੀ ਅਗਵਾਈ ਨਾਲ ਮਨੁੱਖ ਅਧਿਆਤਮਿਕ ਪਿੜ ਦੇ ਅੰਤਮ ਸਿੱਖਰ ਉਤੇ ਪੁੱਜ ਜਾਂਦਾ ਹੈ। ਅਰਥਾਤ ਉਹ ਆਪਣੇ ਪ੍ਰਭੂ ਦੇ ਨਾਲ ਸੰਯੋਗ ਜਾਂ ਮਿਲਾਪ ਪ੍ਰਾਪਤ ਕਰ ਲੈਂਦਾ ਹੈ । ਇਸ ਉਚ ਅਵਸਥਾ ਵਿਚ ਆਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ ਸਗੋਂ ਪੂਰਣ ਅਭੇਦਤਾ ਸਥਾਪਿਤ ਹੋ ਜਾਂਦੀ ਹੈ। ਇਹੋ ਇਕ ਸੂਫ਼ੀ ਸੰਤ ਦਾ ਅੰਤਿਮ ਉਦੇਸ਼ ਹੈ। ਬੁਲ੍ਹੇ ਸ਼ਾਹ ਨੇ ਇਸ ਅਵਸਥਾ ਦਾ ਵਰਣਨ ਅਤੀ ਸੁੰਦਰ ਢੰਗ ਨਾਲ ਅੱਗੇ ਲਿਖੀਆਂ ਪੰਕਤੀਆਂ ਵਿਚ ਕੀਤਾ ਹੈ :

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਆਖੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੇ ਕੋਈ।

ਇਸ ਤੋਂ ਛੁੱਟ, ਬੁਲ੍ਹੇ ਸ਼ਾਹ ਦੀਆਂ ਰਚਨਾਵਾਂ ਦਾ ਇਕ ਹੋਰ ਸਵਰ ਧਰਮ ਦੀ ਪਤਨਗ੍ਰਸਤ ਨਿਰਮੂਲ ਦੰਭੀ ਸਾਧਨਾ ਪ੍ਰਣਾਲੀਆਂ ਦਾ ਖੰਡਨ ਹੈ। ਉਸ ਨੇ ਧਰਮ ਦੇ ਬਾਹਰੀ ਵਿਖਾਵਿਆਂ ਅਤੇ ਪਾਖੰਡਾਂ ਦਾ ਤੀਬਰ ਵਿਰੋਧ ਕੀਤਾ ਹੈ। ਭਾਵੇਂ ਉਹ ਸ਼ਰੀਅਤ ਸਾਡੀ ਦਾਈ ਆਦਿ ਆਖ ਕੇ ਧਰਮ ਦੇ ਪਰੰਪਰਾਗਤ ਰੂਪ ਨੂੰ ਵੀ ਸਵੀਕਾਰ ਕਰਦਾ ਹੈ ਪਰੰਤੂ ਉਸ ਨੇ ਕੇਵਲ ਨਿਮਾਜ਼ ਕਰਨ ਲਈ ਕੀਤੀ ਗਈ ਨਿਮਾਜ਼ ਜਾਂ ਕੇਵਲ ਰੋਜ਼ੇ ਰੱਖਣ ਲਈ ਰਖੇ ਗਏ ਰੋਜ਼ਿਆਂ ਦੀ ਕੜੀ ਆਲੋਚਨਾ ਕੀਤੀ ਹੈ। ਨਿਮਾਜ਼ ਜਾਂ ਰੋਜ਼ਿਆਂ ਦਾ ਲੱਭਤ ਹੀ ਹੈ ਜੇਕਰ ਇਹ ਮਨ ਦੀ ਪਵਿੱਤ੍ਰਤਾ ਅਤੇ ਵਫ਼ਾਦਾਰੀ ਨਾਲ ਨਿਭਾਈ ਜਾਵੇ। ਜਦੋ ਤਕ ਮਨੁੱਖ ਸੱਚੇ ਹਿਰਦੇ ਅਤੇ ਪਵਿੱਤਰ ਆਚਰਣ ਨਾਲ ਪ੍ਰਭੂ ਭਗਤੀ ਵਿਚ ਲੀਨ ਨਹੀ ਹੁੰਦਾ ਉਦੋ ਤੱਕ ਉਸ ਦੁਆਰਾ ਕੀਤਾ ਗਿਆ ਹਰ ਕਰਮ ਵਿਅਰਥ ਹੈ। ਬੁਲ੍ਹੇ ਸ਼ਾਹ ਲਿਖਦਾ ਹੈ :

ਉਮਰ ਗੁਜਾਰੀ ਵਿਚ ਮਸੀਤੀ,
ਅੰਦਰ ਭਰਿਆ ਨਾਲ ਪਲੀਤੀ,
ਐਵੇਂ ਕੀਤਾ ਹਾਲ ਪਕਾਰ,
ਇਲਮੋਂ ਬਸ ਕਰੀਂ ਓ ਯਾਰ ।

ਬੁਲ੍ਹੇ ਸ਼ਾਹ ਦੀ ਰਚਨਾ ਵਿਚ ਉਸ ਸਮੇਂ ਦੇ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਿਕ ਦਸ਼ਾ ਸੰਬੰਧੀ ਵੀ ਕੁਝ ਸੰਕੇਤ ਮਿਲਦੇ ਹਨ। ਭਾਵੇਂ ਬੁਲ੍ਹੇ ਸ਼ਾਹ ਆਪਣੇ ਪ੍ਰਭੂ-ਪਿਆਰ ਦੀ ਮਸਤੀ ਵਿਚ ਲੀਨ ਰਹਿੰਦਾ ਸੀ ਅਤੇ ਓਪਰੀ ਨਜ਼ਰ ਤੋ ਸਮਾਜਿਕ ਜਾਂ ਰਾਜਨੀਤਿਕ ਸਥਿਤੀਆਂ ਵੱਲ ਉਸ ਦੀ ਉਪੇਖਿਆ ਕਲਪਨਾ ਕੀਤੀ ਜਾ ਸਕਦੀ ਹੈ। ਪਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਮਾਨਵਵਾਦੀ ਸੰਤ, ਫ਼ਕੀਰ ਅਤੇ ਪਵਿੱਤਰ ਆਤਮਾ ਸੀ। ਫਲਸਰੂਪ ਆਲੇ-ਦੁਆਲੇ ਦੇ ਸਾਧਾਰਣ ਲੋਕਾਂ ਦੇ ਜੀਵਨ ਦੀਆਂ ਪੀੜਾਂ ਤੋਂ ਉਸ ਦਾ ਪ੍ਰਭਾਵਿਤ ਹੋਣਾ ਬਹੁਤ ਹੀ ਕੁਦਰਤੀ ਹੈ। ਆਪਣੇ ਸਮੇਂ ਦੀ ਰਾਜਨੀਤਿਕ ਉਥਲ-ਪੁਥਲ ਦਾ ਜ਼ਿਕਰ ਬੁਲ੍ਹੇ ਸ਼ਾਹ ਨੇ ਇਕ

ਥਾਂ ਇਸ ਪ੍ਰਕਾਰ ਕੀਤਾ ਹੈ:

ਜਦੋਂ ਆਪੋ ਆਪਣੀ ਪੈ ਗਈ, ਵਹੀ ਤੈਨੂੰ ਲੁਟ ਕੇ ਲੈ ਗਈ,
ਤੇਹਰਵੀਂ ਸਦੀ ਨੇ ਮੂੰਹ ਪਸਾਰਿਆ, ਸਾਨੂੰ ਆ ਮਿਲ ਯਾਰ ਪਿਆਰਿਆ।
ਦਰ ਖੁਲ੍ਹਾ ਹਸ਼ਰ ਅਜ਼ਾਬ ਦਾ, ਬੁਰਾ ਹਾਲ ਹੋਇਆ ਪੰਜਾਬ ਦਾ,
ਡਰ ਹਾਵੇ ਦੋਜ਼ਕ ਮਾਰਿਆ, ਸਾਨੂੰ ਆ ਮਿਲ ਯਾਰ ਪਿਆਰਿਆ।

ਬੁਲ੍ਹੇ ਸ਼ਾਹ ਨੇ ਆਪਣੇ ਅਨੁਭਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੂਪਮਾਨ ਕਰਨ ਲਈ ਗੁਲ, ਬੁਲਬੁਲ, ਸ਼ਮਾਂ, ਪਰਵਾਨਾ, ਮੈਖਾਨਾ, ਸਾਕੀ ਆਦਿ ਫ਼ਾਰਸੀ ਉਪਮਾਵਾਂ ਦੀ ਬਜਾਏ ਚਰਖਾ, ਵਿਆਹ, ਖੂਹ, ਘੁੰਡ, ਘੁਮਿਆਰ, ਸਹੁਰੇ-ਪੇਕੇ ਦੇ ਰਿਸ਼ਤੇ ਆਦਿ ਆਮ ਪੰਜਾਬੀ ਜੀਵਨ ਦੀਆਂ ਸਾਧਾਰਣ ਚੀਜ਼ਾਂ ਨੂੰ ਉਪਮਾਵਾਂ ਦੇ ਰੂਪ ਵਿਚ ਵਰਤਿਆ ਹੈ। ਘਰੋਗੀ ਪੰਜਾਬੀ ਉਪਮਾਵਾਂ ਦੇ ਸਾਦੇ ਤੇ ਭਾਵ ਪੂਰਤ ਸੰਗੀਤ ਨਾਲ ਸੰਯੋਗ ਬੁਲ੍ਹੇ ਸ਼ਾਹ ਦੀ ਕਵਿਤਾ ਵਿਚ ਕਈ ਥਾਵਾਂ ਤੇ ਕਮਾਲ ਦਾ ਸਥਾਨਕ ਰੰਗ ਭਰ ਇਸ ਨੂੰ ਲੋਕ ਜੀਵਨ ਦੇ ਅਤਿ ਨੇੜੇ ਲੈ ਆਉਂਦਾ ਹੈ :

ਰਾਂਝਾ ਰਾਂਝਾ ਕਰਦੀ ਨੀ, ਮੈ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੇ ਕੋਈ।
ਭਾਵੇਂ ਮਾਣ ਨਾ ਮਾਣ ਵੇ, ਵਿਹੜੇ ਵੜ ਮੇਰੇ।
ਮੈ ਤੈਡੇ ਕੁਰਬਾਨ ਵੇ, ਵਿਹੜੇ ਆ ਵੜ ਮੇਰੇ।

ਬੁਲ੍ਹੇ ਸ਼ਾਹ ਦੀ ਭਾਸ਼ਾ ਮੁੱਖ ਰੂਪ ਵਿਚ ਕੇਂਦਰੀ ਪੰਜਾਬੀ ਹੈ। ਪਰ ਇਸ ਉੱਤੇ ਲਹਿੰਦੀ ਫ਼ਾਰਸੀ ਅਤੇ ਬ੍ਰਿਜ ਦਾ ਵੀ ਪ੍ਰਭਾਵ ਵੇਖਿਆ ਜਾ ਸਕਦਾ ਹੈ। ਕਾਫ਼ੀਆਂ ਵਿਚ ਕਿਤੇ ਕਿਤੇ ਉਸ ਨੇ ਕੁਰਾਨ ਦੀਆਂ ਆਇਤਾਂ ਵੀ ਦਿੱਤੀਆਂ ਹਨ। ਉਸ ਦੀਆਂ ਕਾਫ਼ੀਆਂ ਦੀ ਭਾਸ਼ਾ ਅਤੇ ਕਾਵਿ ਸ਼ੈਲੀ ਸਰਲ ਅਤੇ ਸਾਦੀ ਹੀ ਹੈ। ਉਸ ਨੇ ਕਿਸੇ ਪ੍ਰਕਾਰ ਦੀ ਬਨਾਵਟੀ ਅਲੰਕਾਰ ਯੋਜਨਾ ਆਦਿ ਨਾਲ ਰਚਨਾ ਨੂੰ ਸ਼ਿੰਗਾਰਨ ਦਾ ਯਤਨ ਨਹੀਂ ਕੀਤਾ। ਮਸਤੀ ਅਤੇ ਪ੍ਰੇਮ ਦੀ ਤੀਬਰਤਾ ਨੂੰ ਉਸ ਨੇ ਸਰਲ ਅਤੇ ਸੰਗੀਤਮਈ ਭਾਸ਼ਾ ਵਿਚ ਕਾਵਿ-ਬੱਧ ਕੀਤਾ ਹੈ। ਉਸ ਦੀਆਂ ਕਾਫ਼ੀਆਂ ਵਿਚ ਲੋੜੀਂਦੀ ਸਰਲ ਸੰਗੀਤਾਤਮਕਤਾ ਪ੍ਰਾਪਤ ਹੈ।

ਸਮੁੱਚੇ ਤੌਰ ਤੇ ਅਸੀ ਕਹਿ ਸਕਦੇ ਹਾਂ ਕਿ ਬੁਲ੍ਹੇ ਸ਼ਾਹ ਨੇ ਆਪਣੀ ਕਵਿਤਾ ਵਿਚ ਰੱਬ ਤਕ ਪਹੁੰਚਣ ਲਈ ਇਸ਼ਕ ਦੇ ਰਾਹ ਉੱਤੇ ਚੱਲਣ ਦੀ ਪ੍ਰੇਰਨਾ ਕੀਤੀ ਹੈ। ਰੱਬ ਨੂੰ ਆਪਣਾ ਮਹਿਬੂਬ ਬਣਾ ਕੇ ਉਸ ਉੱਤੇ ਕੁਰਬਾਨ ਜਾਣਾ, ਉਸ ਦੀ ਸੇਵਾ ਚਾਕਰੀ ਲਈ ਦਿਨ ਰਾਤ ਹਾਜ਼ਰ ਰਹਿਣਾ, ਦੁਨੀਆਂ ਦੇ ਰਿਸ਼ਤਿਆਂ ਨੂੰ ਮਾਇਆ ਜਾਣਨਾ, ਮਨ ਮਾਰ ਕੇ ਆਪਣੇ ਨੂੰ ਅੰਦਰ ਵਸਾਉਣਾ ਅਤੇ ਹੋਰ ਵਾਸ਼ਨਾਵਾਂ ਤੋਂ ਮੁਕਤ ਹੋਣਾ, ਜ਼ਬਤ ਵਿਚ ਰਹਿ ਕੇ ਆਪਣੇ ਅੰਦਰ ਨੂੰ ਚਮਕਾਉਣਾ, ਮੁਰਸ਼ਿਦ ਦਾ ਆਸਰਾ ਲੈ ਕੇ ਪ੍ਰੀਤਮ ਦੇ ਦਰਸ਼ਨ ਤੇ ਫੇਰ ਉਸ ਦਾ ਹੀ ਰੂਪ ਬਣ ਜਾਣਾ ਇਹ ਬੁਲ੍ਹੇ ਸ਼ਾਹ ਦੀ ਕਵਿਤਾ ਵਿਚ ਮਿਲਦੀਆਂ ਕੁਝ ਕੁ ਪ੍ਰਮੁੱਖ ਗੱਲਾਂ ਹਨ। ਉਸ ਦੀ ਕਵਿਤਾ, ਉਸ ਦੇ ਵਾਕਫ਼ੀ ਭਰਪੂਰ ਜੀਵਨ ਤੇ ਫ਼ਕੀਰੀ ਰੰਗਣ ਦਾ ਅਨੋਖਾ ਕ੍ਰਿਸ਼ਮਾ ਹੈ।

ਅਲੀ ਹੈਦਰ

(1690 ਈ. - 1785 ਈ.)

ਅਲੀ ਹੈਦਰ ਦੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਡਾ. ਮੋਹਨ ਸਿੰਘ ਰਚਿਤ ਪੁਸਤਕ (ਸੂਫ਼ੀਆਂ ਦਾ ਕਲਾਮ)ਦੇ ਮੁਤਾਬਿਕ ਅਲੀ ਹੈਦਰ ਪਿੰਡ ਸਾਕਨ ਮੌਜੀਆਂ ਕਾਜ਼ਿਆਂ ਜ਼ਿਲ੍ਹਾਂ ਮੁਲਤਾਨ ਦਾ ਰਹਿਣ ਵਾਲਾ ਸੀ। ਉਸ ਦੀ ਆਪਣੇ ਪਿੰਡ ਵਿਚ ਇਕ ਦਰਵੇਸ਼ ਦੇ ਤੌਰ ਤੇ ਬੜੀ ਮਾਨਤਾ ਸੀ। ਉਸ ਨੇ ਆਪਣੀ ਇਕ ਸ਼ੀਹਰਫ਼ੀ ਵਿਚ ਬਾਬਾ ਫ਼ਰੀਦ ਸ਼ਕਰ ਗੰਜ ਦੀ ਸਿਫ਼ਤ ਕੀਤੀ ਜਿਸ ਤੋਂ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਉਹ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਵਿਚੋਂ ਸੀ ਅਤੇ ਔਰੰਗਜੇਬ ਦਾ ਸਮਕਾਲੀ ਸੀ। ਉਸ ਨੇ ਸ਼ੀਹਰਫ਼ੀਆਂ ਲਿਖੀਆਂ ਜਿਹੜੀਆਂ ਪੰਜਾਬੀ ਪਾਠਕਾਂ ਵਿਚ ਬੜੀਆਂ ਪ੍ਰਚਲਿਤ ਹੋਈਆਂ। ਇਨ੍ਹਾਂ ਤੋ ਛੁੱਟ ਉਸ ਨੇ ਨੂਰਸਿਰਾਜ਼ ਜੀਵਾਨਿ-ਹੈਦਰ ਆਦਿ ਰਚਨਾਵਾਂ ਫ਼ਾਰਸੀ ਵਿਚ ਲਿਖੀਆਂ। ਪੰਜਾਬੀ ਵਿਚ ਉਸ ਦੀ ਲਿਖੀ ਇਕ ਹੀਰ ਵੀ ਮਿਲਦੀ ਹੈ।

ਅਲੀ ਹੈਦਰ ਨੇ ਪੰਜਾਬੀ ਵਿਚ ਪੰਜ ਸ਼ੀਹਰਫ਼ੀਆਂ ਲਿਖੀਆਂ ਜਿਨ੍ਹਾਂ ਵਿਚ ਉਸ ਨੇ ਸੂਫ਼ੀ ਖਿਆਲਾਂ ਨੂੰ ਬੜੀ ਸਫ਼ਲਤਾ ਨਾਲ ਪ੍ਰਗਟਾਇਆ ਹੈ। ਇਸ ਦੀ ਕਵਿਤਾ ਦੀ ਵੰਨਗੀ ਤੋਂ ਪਤਾ ਲਗਦਾ ਹੈ ਕਿ ਅਲੀ ਹੈਦਰ ਕੋਈ ਬਹੁਤ ਅਮੀਰ ਜੀਵਨ ਤਜਰਬੇ ਨੂੰ ਆਪਣੀ ਰਚਨਾ ਵਿਚ ਪ੍ਰਗਟਾ ਨਹੀਂ ਸਕਿਆ ਹੈ ਅਤੇ ਨਾ ਹੀ ਬੁਲ੍ਹੇ

ਵਰਗੀ ਉੱਚੀ ਕਾਵਿ-ਕਲਾ ਦਾ ਪ੍ਰਮਾਣ ਦੇ ਸਕਿਆ ਹੈ। ਆਪਣੀ ਇਕ ਸ਼ੀਹਰਫ਼ੀ ਵਿਚ ਕਵੀ ਆਪਣੇ ਆਪ ਨੂੰ ਬੱਕਰੀ ਅਤੇ ਰੱਬ ਨੂੰ ਆਜੜੀ ਦੀ ਉਪਮਾ ਦੇਂਦਾ ਹੈ, ਜਿਵੇ :

ਤੈਂਦੜੀ ਬੱਕਰੀ ਘਾਹ ਅਤੇ
ਮੈਂ ਤਾਂ ਤੈਂਢੜੇ ਹੱਥ ਵਿਕਾਵਨੀਆਂ
ਤੂੰ ਮੇਰਾ ਇਯਾਲ ਆਜੜੀ, ਵਾਗੀ ਤੇ ਮੇਰੀ ਇਯਾਲਣ ਵਾਗਣ
ਰੋ ਰੋ ਧਾਵੇ ਹਵਾਨੀਆਂ।
ਵੇਖ ਬਘਿਆੜ ਤੇ ਵਾਗੀਆਂ ਨੂੰ
ਤ੍ਰਹਿ ਤ੍ਰਹਿ ਤੁਧ ਤੇ ਹੀ ਵੱਲ ਆਵਨੀਆਂ।

ਕਵੀ ਨੇ ਆਪਣੀਆਂ ਸੀਹਰਫ਼ੀਆਂ ਵਿਚ ਉਪਮਾਵਾਂ ਘਰੋਗੀ ਵਰਤੀਆਂ ਹਨ। ਸੰਗੀਤਕ ਲੈਅ ਪ੍ਰਭਾਵਮਈ ਹੈ, ਜਜ਼ਬਾ ਤੀਖਣ ਅਤੇ ਸੋਜ ਭਰਪੂਰ ਹੈ। ਅਲੰਕਾਰਾਂ ਅਤੇ ਸ਼ਬਦਾਵਲੀ ਉਤੇ ਫ਼ਾਰਸੀ ਦੀ ਰੰਗਣ ਬੜੀ ਗੂੜ੍ਹੀ ਹੈ, ਪਰ ਘਰੋਗੀ ਰੰਗਣ ਵੀ ਪ੍ਰਤੱਖ ਰੂਪ ਵਿਚ ਕਾਇਮ ਰਹਿੰਦੀ ਹੈ।

ਅਲੀ ਹੈਦਰ ਆਪਣੀ ਸਾਰੀ ਰਚਨਾ ਵਿਚ ਆਲਸੀ ਤੇ ਚੰਚਲ ਮਨ ਉਤੇ ਕਾਬੂ ਪਾਉਣ ਦੀ ਸਿਫ਼ਾਰਸ਼ ਕਰਦਾ ਹੈ। ਸ਼ਰ੍ਹਾ ਦੇ ਰਸਤੇ ਉਤੇ ਚਲ ਕੇ ਉਹ ਪਰਮ ਤੱਤ ਤਕ ਪਹੁੰਚਾਣ ਲਈ ਉਤਸ਼ਾਹ ਦਿੰਦਾ ਹੈ। ਪਰ ਕਿਤੇ ਉਹ ਸ੍ਰਿਸ਼ਟੀ, ਰੱਬ ਅਤੇ ਜੀਵ-ਆਤਮਾ ਦੀ ਮੂਲ ਏਕਤਾ ਨੂੰ ਵੀ ਦਰਸਾਉਂਦਾ ਹੈ। ਤਪ, ਜ਼ੁਹਦ ਅਤੇ ਹਠ ਕਰਕੇ ਉਹ ਗਮਾਨ ਨੂੰ ਮਾਰਨ ਅਤੇ ਰੱਬ ਅੱਗੇ ਆਪਾ ਸਮਰਪਨ ਕਰਨ ਦੇ ਭਾਵ ਪ੍ਰਗਟਾਉਂਦਾ ਹੈ। ਉਸ ਦੀ ਇਕ ਇਕ ਸੀਹਰਫ਼ੀ ਵਿਚ ਜਜ਼ਬਾ ਨੱਚਣ ਦੇ ਤਾਲ ਵਿਚ ਬੱਝਾ ਹੋਇਆ ਹੈ। ਇਸ ਨੂੰ ਪੜ੍ਹਦਿਆਂ ਹੱਥ ਪੈਰ ਆਪ-ਮੁਹਾਰੇ ਸੁਰ ਤਾਲ ਵਿਚ ਹਿਲੱਣ ਲੱਗ ਪੈਂਦੇ ਹਨ :

ਮੀਮ ਮਾਰ ਵੇ ਢੋਲੀ ਢੋਲ ਵੇਖਾਂ
ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵੱਲੇ ।
ਕਰ ਧੌ ਧੌ ਧਾਣਾ ਇਸ਼ਕਤ ਅਵੱਲੜਾ
ਧੂੰ ਧੂੰ ਕੀਤੇ ਸੁ ਥਾਲ ਵੱਲੇ।
ਮੈਂ ਤਾਂ ਸੋਹਣੀਆਂ ਖੇਡਾਂ ਖੇਡੀਆਂ ਨੀ
ਵਤ ਖੇਡਾਂ ਇਸ਼ਕ ਧਮਾਲ ਵੱਲੇ।

ਇਸ ਕਵਿਤਾ ਦੇ ਪੱਖ ਤੋਂ ਪ੍ਰਭਾਵਿਤ ਹੋ ਕੇ ਹੀ ਪ੍ਰੋਫੈਸਰ ਮੋਹਨ ਸਿੰਘ ਨੇ 'ਆਓ ਹਿੰਦੀਓ ਰਲ ਛੋਹੀਏ ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ' ਜੇਹੀ ਟੀਸੀ ਦੀ ਕਵਿਤਾ ਲਿਖੀ ਹੈ। ਸੂਫ਼ੀ ਫ਼ਕੀਰ ਆਮ ਤੌਰ ਤੇ ਨਿਰਾਸ਼ਾ ਵੱਸ ਮਨੁੱਖੀ ਸ਼ਰੀਰ ਨੂੰ ਨਿੰਦਦੇ ਹਨ। ਪਰ ਅਲੀ ਹੈਦਰ ਸਿੱਖ ਗੁਰੂ ਸਾਹਿਬਾਨ ਵਾਂਗ ਸ਼ਰੀਰ ਨੂੰ ਪਰਮਾਤਮਾ ਦਾ ਘਰ ਦਸ ਕੇ ਵਡਿਆਉਂਦਾ ਹੈ।

ਮੱਖਣ ਦੀ ਹਮਸਾਈ ਆਂ ਮੈਂ,
ਤੋੜੇ ਛਾਹ ਨਿਮਾਨੜੀ ਖੱਟੀ ਆਂ ਮੈਂ।
ਅਲੀ ਹੈਦਰ ਜਾਂ ਸ਼ਰਾਬ ਦੀ ਹਾਂ,
ਤੋੜੇ ਖਾਕ ਨਿਮਾਣੀ ਦੀ ਮਟੀ ਆਂ ਮੈਂ।

ਕਿਤੇ ਕਿਤੇ ਅਲੀ ਹੈਦਰ ਵਿਚ ਫ਼ਾਰਸੀ ਕਵਿਤਾ ਵਾਲੀ ਸ਼ੋਖੀ ਦਾ ਰੰਗ ਨਜ਼ਰ ਆਉਂਦਾ ਹੈ, ਜਿਵੇਂ :

ਨਾਲੇ ਸਰਮ ਹਯਾ ਦੀ ਲਾਜ ਰਖੇਂ
ਨਾਲੇ ਨੈਣ ਨੈਣਾਂ ਨਾਲ ਜੋੜਨੀ ਏਂ।
ਦਿਲ ਚਾਹੁੰਦਾ ਸੀ ਗਲੇ ਲੱਗਣੇ ਨੂੰ
ਨਾਲੇ ਘੁੰਡ ਕੱਢੋਂ ਮੁੱਖ ਮੋੜਨੀ ਏਂ।

ਅਲੀ ਹੈਦਰ ਦੀ ਬੋਲੀ ਉਤੇ ਫ਼ਾਰਸੀ ਪ੍ਰਭਾਵ ਏਨਾ ਹੈ ਕਿ ਕਈ ਥਾਵਾਂ ਦੇ ਅਰਥ ਪੂਰੀ ਤਰ੍ਹਾਂ ਉਘੜਦੇ ਹੀ ਨਹੀਂ। ਇਹ ਵੀ ਹੋ ਸਕਦਾ ਹੈ ਕਿ ਨਕਲ ਕਰਨ ਵਾਲਿਆਂ ਜਾਂ ਛਾਪਣ ਵਾਲਿਆਂ ਕੋਲੋ ਉਕਾਈਆਂ ਰਹਿ ਗਈਆਂ ਹੋਣ ਜਿਸ ਕਰਕੇ ਕਵਿਤਾ ਦੀ ਬੋਲੀ ਨਾ ਸਮਝਿਆ ਜਾਣ ਵਾਲਾ ਮਿਲਗੋਭੀ ਬਣ ਗਿਆ ਹੋਵੇ।

ਵਜੀਦ

ਵਜੀਦ ਪਿਛਲੇਰੇ ਮੁਗਲ ਕਾਲ ਦਾ ਇਕ ਹੋਰ ਸੂਫ਼ੀ ਕਵੀ ਹੋਇਆ ਹੈ। ਇਹ ਜਲੰਧਰ ਦਾ ਵਸਨੀਕ ਸੀ। ਕਈਆਂ ਦੇ ਖਿਆਲ ਅਨੁਸਾਰ ਉਹ ਕਾਬਲ ਵਿਚ ਜੰਮਿਆ ਸੀ ਤੇ ਉਥੋਂ ਦੀ ਫੌਜ ਵਿਚ ਇਕ ਸਰਦਾਰ ਦੇ ਅਹੁਦੇ ਤਕ ਪਹੁੰਚਿਆ। ਇਸ ਦਾ ਹਿੰਦੂ ਭਗਤਾਂ ਨਾਲ ਮੇਲ ਹੋਇਆ। ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਉਸ ਨੇ ਦੁਨੀਆਂ ਤੋਂ ਉਪਰਾਮਾਤਾ ਗ੍ਰਹਿਣ ਕਰ ਲਈ। ਇਸ ਨੇ ਕਾਸ਼ੀ ਵਿਚ ਹਿੰਦੂ ਧਰਮ ਦੇ ਵਿਚਾਰਵਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਵੱਖੋ-ਵੱਖਰੇ ਤੀਰਥਾਂ ਦੀ ਯਾਤਰਾ ਕੀਤੀ। ਉਸ ਨੇ ਹਿੰਦੂ ਧਰਮ ਦੇ ਮੱਤ ਦਾ ਗੰਭੀਰ ਅਧਿਐਨ ਕੀਤਾ ਅਤੇ ਹਿੰਦੂ ਭਗਤਾਂ ਦੇ ਪ੍ਰਭਾਵ ਥੱਲੇ ਭਗਤੀ-ਕਾਵਿ ਦੀ ਰਚਨਾ ਵੀ ਕੀਤੀ। ਉਸ ਨੇ ਆਪਣੀ ਕਵਿਤਾ ਵਿਚ ਇਕ ਦੋ ਥਾਵਾਂ ਉਤੇ ਆਪਣੇ ਵੇਲੇ ਦੇ ਹਿੰਦੁਸਤਾਨ ਅਤੇ ਕਾਬਲ ਦਾ ਮੁਕਾਬਲਾ ਵੀ ਕੀਤਾ ਹੈ।

ਵਜੀਦ ਨੇ ਆਪਣੀ ਕਵਿਤਾ ਵਿਚ ਰੱਬ ਦੀ ਬੇਪ੍ਰਵਾਹੀ ਪ੍ਰਗਟਾਈ ਹੈ। ਰੱਬ ਆਪਣੀ ਮਰਜ਼ੀ ਵਰਤਦਾ ਹੈ ਅਤੇ ਅਸੀਂ ਉਸ ਦੀ ਲੀਲ੍ਹਾ ਦੀ ਪਰਵਾਹ ਨਹੀਂ ਪਾ ਸਕਦੇ। ਕਵੀ ਦੁਨੀਆਂ ਵਿਚੋਂ ਗਰੀਬ ਅਮੀਰ ਅਤੇ ਉੱਚੇ ਨੀਵੇਂ ਦੇ ਵਿਤਕਰਿਆਂ ਉਤੇ ਖੁਸ਼ ਨਹੀਂ। ਅਯੋਗ ਬੰਦਿਆਂ ਕੋਲ ਤਾਕਤ ਅਤੇ ਪਦਵੀ ਹੈ ਪਰ ਯੋਗ ਬੰਦੇ ਦਰ-ਦਰ ਧੱਕੇ ਖਾਂਦੇ ਹਨ। ਇਹ ਅਣਹੋਣੀ ਗੱਲ ਕਵੀ ਦੇ ਮਨ ਨੂੰ ਖਟਕਦੀ ਹੈ ਅਤੇ ਇਸ ਬਾਰੇ ਉਹ ਆਪਣਾ ਰੋਸ ਪ੍ਰਗਟ ਕਰਦਾ ਹੈ। ਮੱਧ ਕਾਲ ਦੇ ਹਾਸ-ਰਸ ਦੇ ਕਵੀ ਜੱਲਣ ਅਤੇ ਸੁਥਰੇ ਦੇ ਮੁਕਾਬਲੇ ਵਿਚ ਇਸ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਨੇ ਰੱਬ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ। ਉਸ ਦੀ ਕਵਿਤਾ ਹਾਸ-ਰਸ ਭਰਪੂਰ ਹੈ ਅਤੇ ਵਿਧਾਤਾ ਦੀਆਂ ਬੇਨੇਮੀਆਂ ਨੂੰ ਬੜੀ ਦਲੇਰੀ ਨਾਲ ਭੰਡਦੀ ਹੈ।

ਵਜੀਦ ਦੀ ਕਵਿਤਾ ਸਾਦ ਮੁਰਾਦੀ ਠੇਠ ਪੰਜਾਬੀ ਵਿਚ ਰਚੀ ਗਈ ਹੈ ਪਰ ਕਿਧਰੇ ਕਿਧਰੇ ਬ੍ਰਿਜ਼ ਭਾਸ਼ਾ ਦਾ ਰੰਗ ਵੀ ਨਜ਼ਰ ਆਉਂਦਾ ਹੈ। ਬਿਆਨ ਵਿਚ ਨਾਟਕੀ ਰੰਗਨ ਹੈ ਭਾਵੇਂ ਇਸ ਦਾ ਪੱਧਰ ਕੋਈ ਉੱਚਾ ਨਹੀਂ।

ਵਜੀਦ ਦੀ ਕਵਿਤਾ ਵਿਚ ਬਿਆਨ ਦਾ ਸੰਜਮ ਹੈ ਅਤੇ ਇਸ ਦੀਆਂ ਕਾਵਿ-ਸਤਰਾਂ ਲੋਕਾਂ ਦੇ ਮੂੰਹ ਉੱਤੇ ਮੁਹਾਵਰਿਆਂ ਵਾਂਗ ਚੜ੍ਹੀਆਂ ਹੋਈਆਂ ਹਨ। ਉਦਾਹਰਣ ਦੇ ਤੋਰ ਤੇ :

ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ।
ਪੰਡਤ ਪੀਰ ਪਿਆਦੇ ਪਾਟੇ ਜੋੜਿਆਂ।
ਕਰਦੇ ਸੁਘੜ ਮਜੂਰੀ, ਮੂਰਖ ਦੇ ਜਾਏ ਘਰ।
ਵਜੀਦਾ ਕੌਣ ਸਾਹਿਬ ਨੂੰ ਆਖੇ, ਇੰਜ ਨਹੀ ਇੰਜ ਕਰ।

ਆਰਥਿਕ ਨਾ-ਬਰਾਬਰੀ ਤੇ ਕਾਣੀ-ਵੰਡ ਨੂੰ ਹੇਠਲੀਆਂ ਪੰਕਤੀਆਂ ਰਾਹੀ ਸਪੱਸ਼ਟ ਕੀਤਾ ਹੈ :

ਇਕਨਾਂ ਨੂੰ ਘਿਉ, ਖੰਡ ਨਾ ਮੈਦਾ ਭਾਵਈ।
ਬਹੁਤੀ ਬਹੁਤੀ ਮਾਇਆ ਚੱਲੀ ਆਵਈ।
ਇਕਨਾਂ ਨਹੀਂ ਸਾਗ ਅਲੂਣਾ ਪੇਟ ਭਰ,
ਵਜੀਦ ਕੌਣ ਸਾਹਿਬ ਨੂੰ ਆਖੇ ਇੰਜ ਨਹੀ ਇੰਜ ਕਰ।

ਵਜੀਦ ਨੇ ਸੰਤ ਭਾਸ਼ਾ ਵਿਚ ਭਗਤੀ ਕਾਵਿ ਵੀ ਰਚਿਆ ਹੈ ਜਿਸ ਦਾ ਰੰਗ ਉਪਰਲੀ ਹਾਸ-ਰਸ ਵਾਲੀ ਹਲਕੀ-ਫੁਲਕੀ ਕਵਿਤਾ ਨਾਲੋਂ ਵੱਖਰਾ ਹੈ :

ਨਹੀਂ ਤਉਂ ਮਾਈ ਨਹੀਂ ਤਉਂ ਬਾਪ।
ਪ੍ਰਭੂ ਮੇਰੇ ਆਪੋ ਆਪ ਹੀ ਆਪ।
ਨਹੀਂ ਤਉਂ ਉਤਪਤ ਪਰਲੈ ਨਾਸ।
ਨਹੀਂ ਤਉਂ ਜੀਵ ਨਹੀ ਤਉਂ ਸਾਸ।
ਨਹੀਂ ਤਉਂ ਸ਼ਾਹ ਨਹੀਂ ਸੁਬਹਾਨ।
ਨਹੀਂ ਤਉਂ ਰਾਮ ਨਹੀ ਰਹਿਮਾਨ।
ਨਹੀਂ ਤਉਂ ਕਰਤਾ ਨਹੀਂ ਕਰੀਮ।
ਨਹੀਂ ਤਉਂ ਕੇਸੋ ਨਹੀਂ ਰਹੀਮ।
ਅਗਾਧ, ਅਮੇਦ, ਅਛੇਤ, ਅਥੇਦ।
ਅਦੇਤ, ਆਤੇਸ਼, ਆਦੇਸ਼ ਆਦੇਸ।

ਸਹਾਇਕ ਪੁਸਤਕਾਂ ਦੀ ਸੂਚੀ

1. ਮੋਹਨ ਸਿੰਘ (ਡਾ.) : ਸੂਫ਼ੀਆਂ ਦਾ ਕਲਾਮ (1943),
2. ਮੋਹਨ ਸਿੰਘ (ਡਾ.) : ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ
3. ਭਾਸ਼ਾ ਵਿਭਾਗ, ਪਟਿਆਲਾ ਪੰਜਾਬੀ ਸਾਹਿਤ ਦਾ ਇਤਿਹਾਸ (ਮੱਧਕਾਲ) ਪਿਛਲੇਰੇ ਮੁਗਲ ਕਾਲ ਵਾਲਾ ਕਾਂਡ

ਪਾਠ ਨੰ. : 1.2 (ਪੰਜਾਬੀ ਸਾਹਿਤ ਦਾ ਇਤਿਹਾਸ)

ਪਿਛਲੇਰੇ ਮੁਗ਼ਲ ਕਾਲ ਦਾ ਕਿੱਸਾ ਸਾਹਿਤ

ਇਸ ਪਾਠ ਵਿਚ ਪਿਛਲੇਰੇ ਮੁਗਲ ਕਾਲ ਅਰਥਾਤ 1700 ਤੋ 1800 ਈਸਵੀ ਤਕ ਦੇ ਸਮੇਂ ਵਿਚ ਰਚੇ ਗਏ ਪੰਜਾਬੀ ਕਿੱਸਿਆਂ ਦਾ ਅਧਿਐਨ ਕਰਨਾ ਹੈ। ਸਾਡਾ ਸਿਰਮੌਰ ਕਵੀ ਵਾਰਿਸ਼ ਸ਼ਾਹ ਇਸੇ ਕਾਲ ਵਿਚ ਹੀਰ ਦਾ ਕਿੱਸਾ ਲਿਖ ਨਾਮ ਕਮਾਉਂਦਾ ਹੈ।

ਇਹ ਸਮਾਂ (1700 ਤੋਂ 1800) ਇਤਿਹਾਸਕ ਪੱਖ ਤੋਂ ਪੰਜਾਬ ਵਿਚ ਮੁਗਲ ਰਾਜ ਦੀ ਅਧੋਗਤੀ ਦਾ ਸਮਾਂ ਹੈ। ਇਸ ਕਾਲ ਦਾ ਅੰਤ ਸਿੱਖ ਰਾਜ ਦੀ ਸਥਾਪਤੀ (1799) ਨਾਲ ਹੁੰਦਾ ਹੈ। ਔਰੰਗਜ਼ੇਬ ਦੀ ਮੌਤ, ਸਿੰਘਾਂ ਦੀ ਚੜ੍ਹਾਈ ਨਾਲ ਮੁਗਲ ਰਾਜ ਨੂੰ ਭਾਰੀ ਸੱਟ ਵੱਜੀ ਤੇ ਇਸ ਦੇ ਉਲਟ ਪੰਜਾਬ ਵਿਚ ਸਿੱਖ ਤੇ ਦੱਖਣ ਵਿਚ ਮਰਾਠੇ ਸ਼ਕਤੀਸ਼ਾਲੀ ਹੁੰਦੇ ਗਏ।

ਇਸ ਸਮੇਂ ਸਿੱਖ ਪਹਿਲਾਂ ਤਾਂ ਧਰਮ ਦੀ ਰੱਖਿਆਂ ਹਿੱਤ ਜੂਝਦੇ ਰਹੇ ਅਤੇ ਫੇਰ ਸਰਦਾਰੀਆਂ ਤੇ ਹਕੂਮਤਾਂ ਲਈ ਤੇਗਾਂ ਮਾਰਦੇ ਰਹੇ, ਪਰ ਮੁਸਲਮਾਨਾਂ ਵਿਚੋਂ ਕਈ ਲੋਕ ਖਾਸ ਕਰਕੇ ਸੂਫੀ ਰਚਨਾ ਕਰਦੇ ਰਹੇ ਤੇ ਇੰਜ ਹੀ ਕਿੱਸਾਕਾਰ ਵੀ ਹੋਏ ਜਿਨ੍ਹਾਂ ਨੇ ਪ੍ਰੀਤ-ਕਹਾਣੀਆਂ ਨੂੰ ਕਵਿਤਾ ਦਾ ਰੂਪ ਦਿੱਤਾ। ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਧਾਰਾਵਾਂ ਮੁਗਲ ਕਾਲ ਦੇ ਆਰੰਭ ਵਿਚ ਹੀ ਹੋਂਦ ਵਿਚ ਆ ਚੁੱਕੀਆਂ ਸਨ। 1700 ਈ. ਤੋਂ ਪਹਿਲਾਂ ਦਮੋਦਰ, ਪੀਲੂ ਤੇ ਹਾਫਿਜ਼ ਬਰਖੁਰਦਾਰ ਜਿਹੇ ਕਿੱਸਾਕਾਰ ਤੇ ਸੇਖ ਫ਼ਰੀਦ, ਸ਼ਾਹ ਹੁਸੈਨ, ਤੇ ਸੁਲਤਾਨ ਬਾਹੂ ਜਿਹੇ ਸੂਫ਼ੀ ਕਵੀ ਪੰਜਾਬ ਵਿਚ ਹੋ ਚੁੱਕੇ ਹਨ। ਵਿਚਾਰ ਅਧੀਨ ਸਮੇਂ (1700–1800 ਈਸਵੀ) ਨੂੰ ਇਤਿਹਾਸਕ ਦ੍ਰਿਸ਼ਟੀ ਨਾਲ ਦੇਖੀਏ ਤਾਂ ਇਹ ਉਹ ਸਮਾਂ ਹੈ ਜਿਸ ਵਿਚ ਬੰਦਾ ਬਹਾਦਰ ਦੀ ਸ਼ਹੀਦੀ (1716 ਈਸਵੀ) ਹੋਈ। 1761 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਭਾਰਤ ਨੂੰ ਲੁੱਟ ਕੇ ਪੰਜਾਬ ਮੁੜਿਆ ਤਾਂ ਪੰਜਾਬ ਵਿਚ ਬਹੁਤ ਅਸ਼ਾਂਤੀ ਤੇ ਗੜਬੜ ਸੀ। ਇਸ ਸਮੇਂ ਵਿਚ ਸਿੱਖ ਸਰਦਾਰਾਂ ਦੀ ਲਾਹੌਰ ਦੇ ਸੂਬੇ ਨਾਲ ਟੱਕਰ ਹੋਈ, ਸਿੱਖ ਮਿਸਲਾਂ ਨੇ ਸ਼ਕਤੀ ਪ੍ਰਾਪਤ ਕੀਤੀ ਤੇ ਮਹਾਰਾਜਾ ਰਣਜੀਤ ਸਿੰਘ ਨੇ 1799 ਈਸਵੀ ਵਿਚ ਲਾਹੌਰ (ਜੋ ਹੁਣ ਪੱਛਮੀ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਰਾਜਧਾਨੀ ਹੈ) ਉਤੇ ਕਬਜ਼ਾ ਕੀਤਾ। 1839 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਕਾਲਵਾਸ ਹੋਇਆ ਅਤੇ 1849 ਈਸਵੀ ਵਿਚ ਅੰਗਰੇਜ਼ਾਂ ਦਾ ਪੰਜਾਬ ਉੱਤੇ ਕਬਜ਼ਾ ਹੋ ਗਿਆ।

ਇਉਂ ਪ੍ਰਤੀਤ ਹੁੰਦਾ ਹੈ ਕਿ ਨਿਤ ਦੇ ਜੰਗਾਂ, ਯੁੱਧਾਂ, ਹਮਲਿਆਂ ਅਤੇ ਲੁੱਟਾਂ, ਖਸੁੱਟਾਂ ਤੋਂ ਤੰਗ ਆਏ, ਸੁੱਖ ਦਾ ਸਾਹ ਲੈਣ ਲਈ ਜਾਂ ਮਨ ਦੀ ਹਵਾੜ ਕੱਢਣ ਲਈ ਪੰਜਾਬੀ ਪ੍ਰੀਤ ਕਹਾਣੀਆਂ ਸੁਣਨ ਜਾਂ ਪੜ੍ਹਨ ਦਾ ਸ਼ੌਕ ਰੱਖਦੇ ਸਨ। ਇਸ ਲਈ ਪਿੰਡ ਵਿਚੋਂ ਕੋਈ ਵਿਅਕਤੀ ਉਦਮ ਕਰਕੇ ਕਿੱਸਾ ਲਿਖ ਲਿਆਉਂਦਾ ਹੋਣਾ ਹੈ ਅਤੇ ਪਿੱਪਲ ਜਾਂ ਬੋਹੜ ਥੱਲੇ ਬਹਿ ਕੇ ਹੋਰਨਾਂ ਨੂੰ ਸੁਣਾਉਂਦਾ ਹੋਣਾ ਹੈ। ਉਸ ਨੂੰ ਸੁਣ-ਸੁਣ ਕੇ ਲੋਕ ਆਲੇ-ਦੁਆਲੇ ਵਰ੍ਹ ਰਹੀ ਅੱਗ, ਪੈਅ ਰਹੀ ਲੁੱਟ ਜਾਂ ਹੋ ਰਹੇ ਹਮਲਿਆਂ ਨੂੰ ਕੁਝ ਪਲਾਂ ਲਈ ਭੁੱਲਣ ਦਾ ਯਤਨ ਕਰਦੇ ਹੋਣਗੇ, ਇੰਝ ਹੀ ਵਧੇਰੇ ਧਾਰਮਿਕ ਖਿਆਲਾਂ ਦੇ ਅਤੇ ਵਡੇਰੀ ਉਮਰ ਦੇ ਸਿਆਣੇ ਮਨੁੱਖ ਸੂਫ਼ੀ ਕਵਿਤਾ ਦਾ ਰਸ ਲੈਂਦੇ ਹੋਣਗੇ। ਇਹੀ ਆਨੰਦ ਉਨ੍ਹਾਂ ਨੂੰ ਮੇਲਿਆਂ, ਵਿਆਹਾਂ ਅਤੇ ਹੋਰ ਨਿੱਕੇ-ਮੋਟੇ ਇਕੱਠਾਂ ਉਤੇ ਵੀ ਪ੍ਰਾਪਤ ਹੁੰਦਾ ਸੀ।

ਪਿੰਡਾਂ ਤੇ ਮੇਲਿਆਂ ਵਿਚ ਉਹ ਲੋਕ ਵੀ ਬਹੁਤ ਸੰਖਿਆ ਵਿਚ ਜਾਂਦੇ ਸਨ ਜਿਨ੍ਹਾਂ ਦੇ ਡੌਲਿਆਂ ਵਿਚ ਜੋਸ਼ ਫਰਕਦਾ ਸੀ ਜਾਂ ਸੈਨਾ ਵਿਚ ਭਰਤੀ ਹੋ ਕੇ ਯੋਧੇ ਬਣਨਾ ਚਾਹੁੰਦੇ ਸਨ ਅਤੇ ਜੋ ਭਰਤੀ ਹੋ ਚੁੱਕੇ ਸਨ ਉਨ੍ਹਾਂ ਨੂੰ ਬੀਰ ਰਸੀ ਕਵਿਤਾ ਪੜ੍ਹਨ ਅਤੇ ਸੁਣਨ ਵਿਚ ਹੀ ਵਧੇਰੇ ਸੁਆਦ ਆਉਂਦਾ ਸੀ, ਉਨ੍ਹਾਂ ਲਈ ਜੰਗ ਅਤੇ ਵਾਰਾਂ ਆਦਿ ਦੀ ਰਚਨਾ ਹੁੰਦੀ ਸੀ।

ਇਸ ਪਾਠ ਵਿਚ ਅਸੀਂ ਦੋ ਪ੍ਰਸਿੱਧ ਕਿੱਸਾਕਾਰਾਂ, ਮੁਕਬਲ ਤੇ ਵਾਰਿਸ ਸ਼ਾਹ ਦੇ ਜੀਵਨ ਤੇ ਰਚਨਾ ਸੰਬੰਧੀ ਪੜ੍ਹਾਂਗੇ ਅਤੇ ਨਾਲ ਹੀ ਨਜ਼ਾਬਤ ਦੀ ਲਿਖੀ ਨਾਦਰਸ਼ਾਹ ਦੀ ਵਾਰ ਦਾ ਸਾਹਿਤਕ ਮੁਲਾਂਕਣ ਕਰਾਂਗੇ।

ਮੁ ਕ ਬ ਲ

i ltB L ਕਵੀ ਮੁਕਬਲ ਦਾ ਪੂਰਾ ਨਾਂ ਸ਼ਾਹ ਜਹਾਨ ਸੀ ਅਤੇ ਮੁਕਬਲ ਤਾਂ ਉਪਨਾਮ ਜਾਂ ਤਖਲੱਸ ਸੀ ਜੋ ਉਸ ਨੇ ਆਪਣੀ ਕਵਿਤਾ ਵਿਚ ਵਰਤਿਆ ਹੈ। ਬਹੁਤ ਸਾਰਾ ਸਮਾਂ ਇਹੋ ਵਿਚਾਰ ਪ੍ਰਚਲਿਤ ਰਿਹਾ ਕਿ 'ਹੀਰ ਰਾਂਝੇ' ਦਾ ਕਿੱਸਾ ਸਭ ਤੋ ਪਹਿਲਾਂ ਮੁਕਬਲ ਨੇ ਲਿਖਿਆ, ਇਥੋਂ ਤਕ ਕਿ ਭਗਵਾਨ ਸਿੰਘ ਨੇ ਜੋ 19ਵੀਂ ਸਦੀ ਦੇ ਅੰਤ ਵਿਚ ਹੀ ਹੋਇਆ ਹੈ, ਨੇ ਵੀ ਲਿਖਿਆ ਹੈ, ਅਵਲ ਲਿਖੀ ਹੀਰ 'ਮੀਆਂ ਮੁਕਬਲ ਨੇ' । ਪਰ ਅੱਜ ਹੱਥ ਲਿਖਤ ਖਰੜਿਆਂ ਤੇ ਹੋਰ ਅਨੇਕਾਂ ਗਵਾਹੀਆਂ ਨਾਲ ਇਹ ਗੱਲ ਭਲੀ-ਭਾਂਤ ਸਿੱਧ ਹੋ ਚੁੱਕੀ ਹੈ ਕਿ ਸਭ ਤੋ ਪਹਿਲਾਂ ਹੀਰ ਦਾ ਕਿੱਸਾ ਦਮੋਦਰ ਅਤੇ ਫੇਰ ਅਹਿਮਦ ਗੁੱਜਰ ਨੇ ਲਿਖਿਆ। ਉਂਞ ਇਹ ਸਪਸ਼ਟ ਹੈ ਕਿ ਕਿਸੇ ਵੀ ਕਿੱਸਾਕਾਰ ਦਾ ਕਿੱਸਾ ਵਾਰਿਸ ਸ਼ਾਹ ਤੋਂ ਪਹਿਲਾਂ ਇੰਨਾ ਪ੍ਰਸਿੱਧ ਨਹੀਂ ਹੋਇਆ ਜਿੰਨਾ ਮੁਕਬਲ ਦਾ ਲਿਖਿਆ ਹੋਇਆ।

ਮੁਕਬਲ ਨੇ ਹੀਰ ਰਾਂਝੇ ਦੀ ਕਥਾ ਤੋ ਬਿਨਾਂ ਇਕ ਜੰਗਨਾਮਾ ਵੀ ਲਿਖਿਆ ਹੈ ਜੋ ਕਰਬਲਾ ਦੀ ਲੜਾਈ ਬਾਬਤ ਹੈ, ਜਿਸ ਵਿਚ ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਸ਼ਹੀਦ ਹੋਏ ਸਨ। ਇਹ ਇਕ ਬੜੀ ਦਰਦਨਾਕ ਘਟਨਾ ਹੈ। ਮੁਕਬਲ ਦੀ ਹੋਰ ਰਚਨਾ ਸੀਹਰਫ਼ੀ ਮਦਾਹ ਪੀਰਾਨ ਪੀਰ ਦਸਤਗੀਰ (ਪੀਰ ਮੁਹੱਯਉੱਦੀਨ ਹੈ) ਭਾਵ ਪੀਰਾਂ ਦੇ ਪੀਰ ਦਸਤਗੀਰ ਦੀ ਉਸਤਤੀ ਵਿਚ ਲਿਖੀ। ਸੀਹਰਫ਼ੀ ਤੋਂ ਭਾਵ ਹੈ ਫ਼ਾਰਸੀ ਦੇ 30 ਅੱਖਰਾਂ ਦੇ ਉੱਤੇ ਇਕ ਇਕ ਬੈਂਤ ਲਿਖਣਾ ਜਿਵੇਂ 'ਅਲਫ' ਆ ਸਖੀ ਸਿਆਲਕੋਟ ਅੰਦਰ ਜਾਂ 'ਲਾਮ' ਲਈ ਅਵਾਜ਼ ਪਛਾਣ ਮਾਤਾ। ਇਹ ਉਸ ਤਰ੍ਹਾਂ ਹੀ ਹੈ ਜਿਵੇ ਆਦਿ-ਗ੍ਰੰਥ ਵਿਚ ਪੱਟੀ ਨੂੰ 'ਸੱਸਾ' ਸੋਇ ਸ੍ਰਿਸਟ ਜਿਨ ਸਾਜੀ ਜਾਂ ਬਾਵਨ-ਅੱਖਰੀ ਹੁੰਦੀ ਹੈ 'ਦਦਾ' ਦੋਸ਼ ਨਾ ਦੀਜੇ ਕਾਹੂੰ ਦੋਸ਼ ਕਰੰਮਾ ਆਪਨਿਆਂ।

ਮੁਕਬਲ ਦੀ ਅੱਖਾਂ ਦੀ ਜੋਤੀ ਨਹੀਂ ਸੀ। ਮੁਕਬਲ ਦਾ ਸਮਾਂ ਮੁਹੰਮਦ ਸ਼ਾਹ ਰੰਗੀਲੇ ਦਾ ਸਮਾਂ ਗਿਣਿਆਂ ਜਾਂਦਾ ਹੈ ਅਰਥਾਤ 18ਵੀ ਸਦੀ (1700-1800 ਈ.) ਦੇ ਆਰੰਭ ਦਾ ਸਮਾਂ। ਮੁਹੰਮਦ ਸ਼ਾਹ ਰੰਗੀਲੇ ਦਾ ਗੱਦੀ ਉਤੇ ਬਹਿਣ ਦਾ ਸਾਲ ਸੰਨ 1716 ਈਸਵੀ ਸੀ। ਮੁਕਬਲ ਦੇ ਸਮੇਂ ਇਹ ਅਨੁਮਾਨ ਵੀ ਉਸ ਦੀ ਆਪਣੀ ਇਕ ਸਤਰ ਤੋ ਲਾਇਆ ਗਿਆ ਹੈ।

ਇਸ ਤੋ ਵੱਧ ਮੁਕਬਲ ਦੇ ਜੀਵਨ ਬਾਰੇ ਕੋਈ ਪੱਕਾ ਸੁਰ ਨਹੀ ਮਿਲਦਾ। ਉਸ ਦੀ ਰਚਨਾ ਦੀ ਬੋਲੀ ਤੋ ਅਨੁਮਾਨ ਲਾਇਆ ਜਾਂਦਾ ਹੈ ਕਿ ਉਹ ਲਾਹੌਰ, ਅੰਮ੍ਰਿਤਸਰ ਦੇ (ਮਾਝੇ ਦੇ) ਇਲਾਕੇ ਦਾ ਵਸਨੀਕ ਸੀ ਅਤੇ ਅਰਬੀ, ਫ਼ਾਰਸੀ ਦਾ ਚੰਗਾ ਵਿਦਵਾਨ ਸੀ।

ਉਸ ਦੀਆਂ ਰਚਨਾਵਾਂ ਵਿਚੋ ਹੀਰ ਬਹੁਤ ਪ੍ਰਸਿੱਧ ਹੈ ਜੋ ਉਸ ਨੇ ਬੈਤਾਂ ਵਿਚ ਲਿਖੀ। ਬੈਤ ਵਿਚ ਆਮ ਤੌਰ ਤੇ 39 ਤੋਂ ਲੈ ਕੇ 42 ਮਾਤਰਾਂ ਹੁੰਦੀਆਂ ਹਨ। ਆਮ ਤੌਰ ਤੇ ਇਸ ਵਿਚ 20 + 19, 19 + 21, 20 + 20, 20 + 21, ਜਾਂ 21 + 20 ਉਤੇ ਬਿਸ਼ਰਾਮ ਹੁੰਦਾ ਹੈ। ਬੈਤ ਦੀਆਂ ਆਮ ਤੌਰ ਤੇ ਚਾਰ ਤੁੱਕਾਂ ਹੁੰਦੀਆਂ ਹਨ। ਪਰ ਤੁੱਕਾਂ ਦੀ ਗਿਣਤੀ ਕਈ ਵਾਰ ਵੱਧ-ਘੱਟ ਵੀ ਜਾਂਦੀ ਹੈ। ਮੁਕਬਲ ਤੋ ਪਹਿਲਾਂ ਅਹਿਮਦ ਗੁਜਰ ਨੇ ਵੀ ਹੀਰ ਦੇ ਕਿੱਸੇ ਲਈ ਬੈਂਤ ਵਰਤਿਆ ਹੈ ਪਰ ਮੁਕਬਲ ਦੇ ਬੈਂਤ ਦੀ ਚਾਲ, ਰਵਾਨੀ ਤੇ ਲੈਅ ਬਹੁਤ ਸਲਾਹੁਣ ਯੋਗ ਹੈ। ਉਸ ਦੀ ਬੋਲੀ ਬੜੀ ਠੇਠ, ਮੁਹਾਵਰੇਦਾਰ ਤੇ ਹਰ ਇਕ ਨੂੰ ਸੁਭਾਵਕ ਹੀ ਸਮਝ ਆ ਜਾਣ ਵਾਲੀ ਹੈ। ਉਸ ਨੇ ਫ਼ਾਰਸੀ, ਅਰਬੀ ਦੇ ਔਖੇ ਸ਼ਬਦ ਨਹੀਂ ਵਰਤੇ। ਉਸ ਦੀ ਕਵਿਤਾ ਮਨ ਉੱਤੇ ਅਸਰ ਕਰਦੀ ਹੈ।

ਇਸ ਦਾ ਕਾਰਣ ਇਹ ਜਾਪਦਾ ਹੈ ਕਿ ਜੋ ਉਹ ਲਿਖਦਾ ਹੈ, ਉਹ ਸਮਝ ਕੇ ਤੇ ਹੰਡਾ ਕੇ ਲਿਖਦਾ ਹੈ। ਜਿਵੇ 'ਜਦੋਂ ਆਦਮੀ ਨੂੰ ਦੁੱਖ ਲਗਦੇ ਨੇ ਤਦੋਂ ਏ ਮੁਕਬਲ ਯਾਦ ਅੰਮਾਂ' ਉਂਜ ਪ੍ਰਚਲਿਤ ਅਖਾਉਤਾਂ ਜਾਂ ਮੁਹਾਵਰੇ ਵੀ ਆਪਣੀ ਕਵਿਤਾ ਵਿਚ ਵਰਤਦਾ ਹੈ, ਜਿਸ ਕਰਕੇ ਉਸ ਦੀ ਕਵਿਤਾ ਹੋਰ ਸੁਆਦਲੀ ਬਣ ਜਾਂਦੀ ਹੈ, ਜਿਵੇਂ :

ਨਾਲ ਬੁਰੇ ਦਾ ਮੁਕਬਲਾ ਭਲਾ ਕਰਨਾ ਇਹ ਅਪਰਾਧ ਹੈ ਵਿਚ ਸਉਰਾ।
ਸੱਪ ਮਾਰਨੋਂ ਡੰਗ ਨਾ ਰਹੇ ਮੂਲੋਂ, ਸਾਰੀ ਉਮਰ ਜੇ ਦੁਧ ਪਿਲਾਈਏ ਜੀ।

ਮੁਕਬਲ ਬੈਤ ਦੀ ਅਖੀਰੀ ਤੁਕ ਵਿਚ ਬਹੁਤ ਥਾਈ ਕੋਈ ਸਿੱਖਿਆਦਾਇਕ ਗੱਲ ਜਾਂ ਤੱਤ ਵੀ ਦੇ ਜਾਂਦਾ ਹੈ। ਇਹੋ ਜਿਹੇ ਕੁਝ ਸਾਂਝੇ ਗੁਣਾਂ ਕਰਕੇ ਕਈ ਵਿਦਵਾਨ ਇਸ ਸਿੱਟੇ ਤੇ ਪੁਜੇ ਹਨ ਕਿ ਵਾਰਿਸ ਸ਼ਾਹ ਨੇ ਮੁਕਬਲ ਦੇ ਲਿਖੇ ਹੀਰ ਰਾਂਝੇ ਦੇ ਕਿੱਸੇ ਤੋ ਬਹੁਤ ਸਾਰੀ ਪ੍ਰੇਰਣਾ ਲਈ ਤੇ ਉਸ ਦੀ ਰੀਸਾ ਰੀਸੀ ਹਰ ਬੈਤ ਦੇ ਅੰਤ ਤੇ ਕੋਈ ਨਾ ਕੋਈ

ਸਿੱਖਿਆਦਾਇਕ ਵਿਚਾਰ ਪ੍ਰਗਟਾਏ ਹਨ।

ਕਿੱਸਿਆਂ ਦੀ ਪਰੰਪਰਾ ਵਾਂਗ ਮੁਕਬਲ ਵੀ ਰੱਬ ਦੀ ਸਿਫਤ ਨਾਲ ਕਿੱਸਾ ਆਰੰਭ ਕਰਦਾ ਹੈ, ਜਿਵੇਂ ਪਹਿਲੇ ਆਖ ਤੂੰ ਸਿਫਤ ਖੁਦਾ ਦੀ ਜੀ, ਸਾਹਿਬ ਬੇਪਰਵਾਹ ਬੇਅੰਤ ਮੀਆਂ, ਇਸ ਪਿੱਛੋ ਇਸ਼ਕ ਜਾਂ ਪ੍ਰੇਮ ਦੀ ਮਹੱਤਤਾ ਦਰਸਾਈ ਗਈ ਹੈ।

ਮੁਕਬਲ ਨੇ ਆਪਣੀ ਇਸ ਰਚਨਾ ਵਿਚ ਦ੍ਰਿਸ਼ਟਾਂਤ ਜਾਂ ਉਪਮਾ ਆਦਿ ਸਾਧਾਰਣ ਜੀਵਨ ਵਿਚੋਂ ਲਏ ਹਨ ਅਤੇ ਕਈ ਤਾਂ ਬਹੁਤ ਹੀ ਢੁਕਵੇਂ ਤੇ ਸੁੰਦਰ ਹਨ ਜਿਵੇਂ :

ਦੀਵਾ ਅਕਲ ਦਾ ਆਣਕੇ ਬਾਲਿਓ ਨੇ,
ਅੱਗੋਂ ਬ੍ਰਿਹੋਂ ਦੀ ਵਗਦੀ ਵਾਇ ਮੀਆਂ।
ਤਸਬੀ ਆਸ਼ਕਾਂ ਦੀ, ਮੋਤੀ ਹੰਝੂਆਂ ਦੇ,
ਧਾਗੇ ਆਹੀਂ ਦੇ ਨਾਲ ਪਰੋਂਵਦੀ ਏ।

ਕਿੱਸੇ ਵਿਚ ਮੁਕਬਲ ਨੇ ਹੀਰ ਰਾਂਝੇ ਦੇ ਆਚਰਣ ਜਾਂ ਸੁਭਾਉ ਦੇ ਨਿੱਕੇ ਨਿੱਕੇ ਗੁਣ ਵੀ ਉਘਾੜੇ ਹਨ ਜਿਵੇ ਰਾਂਝੇ ਨੂੰ ਬਹੁਤ ਸੁੰਦਰ, ਸੋਹਲ, ਕੰਮਚੋਰ ਤੇ ਮਚਲਾ ਦਸਿਆ ਹੈ, ਉਹ ਮਿਹਣੇ-ਮਾਰ ਹੈ, ਵੰਝਲੀ ਵਜਾ ਸਕਦਾ ਹੈ ਤੇ ਕੁਝ ਨਿਡਰ ਵੀ ਹੈ। ਹੀਰ, ਰਾਂਝੇ ਤੋਂ ਵੀ ਦਲੇਰ ਹੈ, ਆਪਣੀ ਧੁਨ ਦੀ ਪੱਕੀ ਹੈ ਅਤੇ ਕਿਸੇ ਦੀ ਪਰਵਾਹ ਨਹੀਂ ਕਰਦੀ, ਉਹ ਬਹੁਤ ਚਲਾਕ ਪਰ ਧਾਰਮਿਕ ਰਹੁ-ਰੀਤ ਵਿਚ ਪੂਰੀ ਹੈ।

ਮੁਕਬਲ ਦੀ ਹੀਰ ਦੀ ਕਹਾਣੀ ਵਿਚੋ ਉਸ ਵੇਲੇ ਦੇ ਸਮਾਜਿਕ ਜੀਵਨ ਦੀਆਂ ਝਾਕੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਤੋਂ ਉਸ ਵੇਲੇ ਦੇ ਜਨਮ-ਵਿਆਹ ਆਦਿ ਦੀਆਂ ਰਸਮਾਂ ਦਾ ਅਤੇ ਲੋਕਾਂ ਦੇ ਜੀਵਨ ਦਾ ਚਿੱਤਰ ਅੱਖਾਂ ਸਾਹਮਣੇ ਆ ਜਾਂਦਾ ਹੈ । ਜਿਵੇਂ :

ਜੋਰਾਵਰੀ ਬਹਾਲ ਕੇ ਹੀਰ ਤਾਈਂ
ਮਲ ਵੱਟਣਾ ਤੇਲ ਚੜ੍ਹਾਇਆ ਏ।
ਵੱਜਣ ਤੂਤੀਆਂ ਦੂਹਰੀਆਂ ਨੌਬਤਾਂ ਜੀ
ਜੰਞ ਵੇਖਣੇ ਨੂੰ ਜੱਗ ਆਂਵਦਾ ਹੈ।

ਮੁਕਬਲ ਦੀ ਦੂਜੀ ਪੋਥੀ ਜਿਵੇਂ ਅੱਗੇ ਦਸਿਆ ਜਾ ਚੁੱਕਾ ਹੈ, ਜੰਗਨਾਮਾ ਹੁਸਨ ਹੁਸੈਨ ਹੈ। ਇਸੇ ਨੂੰ ਜੰਗਨਾਮਾ 'ਕਰਬਲਾ' ਵੀ ਆਖਦੇ ਹਨ। ਇਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਧੀ ਬੀਬੀ ਫਾਤਿਮਾ ਤੇ ਹਜ਼ਰਤ ਅਲੀ ਦੇ ਪੁੱਤਰਾਂ ਇਮਾਮ-ਹੁਸਨ ਤੇ ਹੁਸੈਨ ਦੀ ਸ਼ਹੀਦੀ ਦੇ ਹਾਲ ਵੇਰਵੇ ਸਹਿਤ ਦਰਜ ਹਨ। ਇਸ ਜੰਗ ਵਿਚ ਦੋਹੀਂ ਪਾਸੀਂ ਮੁਸਲਮਾਨ ਹੀ ਲੜ ਰਹੇ ਸਨ। ਇਹ ਲੜਾਈ ਸੰਨ 661 ਈ. ਦੇ ਆਰੰਭ ਵਿਚ ਕਰਬਲਾ ਦੇ ਸਥਾਨ ਤੇ ਲੜੀ ਗਈ ਅਤੇ ਇਸ ਵਿਚ ਬੜੀਆਂ ਹੀ ਦਰਦਨਾਕ ਘਟਨਾਵਾਂ ਵਾਪਰੀਆਂ। ਇਸ ਇਤਿਹਾਸਕ ਕਹਾਣੀਆਂ ਵਿਚਲੇ ਦਰਦ ਤੇ ਧਾਰਮਿਕ ਵਲਵਲੇ ਕਰਕੇ ਬਹੁਤ ਸਾਰੇ ਹੋਰ ਮੁਸਲਮਾਨ ਕਵੀਆਂ ਨੇ ਵੀ ਇਹ ਵਾਰਤਾ ਜੰਗਨਾਮੇ ਦੇ ਰੂਪ ਵਿਚ ਲਿਖੀ ਹੈ ਜਿਨ੍ਹਾਂ ਵਿਚੋਂ ਵਧੇਰੇ, 'ਸ਼ੀਆ' ਫਿਰਕੇ ਦੇ ਮੁਸਲਮਾਨ ਹਨ, ਕਿਉਂਕਿ ਕੇਵਲ ਸ਼ੀਆ ਮੁਸਲਮਾਨ ਹੀ ਇਮਾਮ ਹੁਸੈਨ ਨੂੰ ਸ਼ਹੀਦ ਮੰਨਦੇ ਹਨ, ਉਨ੍ਹਾਂ ਦਾ ਸਤਿਕਾਰ ਕਰਦੇ ਹਨ। ਸੁੰਨੀ ਮੁਸਲਮਾਨ ਉਨ੍ਹਾਂ ਨੂੰ ਇਹ ਪਦਵੀ ਨਹੀਂ ਦੇਦੇਂ।

ਜਦ ਕਿਤੇ ਪਾਣੀ ਨਾ ਲੱਭੇ ਤਾਂ ਲੋਕ ਆਖਦੇ ਹਨ 'ਕਰਬਲਾ' ਮਚ ਗਈ। ਇਹ ਲੜਾਈ ਕਰਬਲਾ ਨਾਂ ਦੇ ਥਾਂ ਉੱਤੇ ਹੋਈ ਸੀ। ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਦੋ ਦੋਹਤੇ ਹਸਨ ਤੇ ਹੁਸੈਨ ਸ਼ਹੀਦ ਹੋ ਗਏ ਸਨ। ਤਲਵਾਰਾਂ, ਨੇਜ਼ਿਆਂ ਦੀ ਮਾਰ ਨਾਲੋਂ ਸੱਚੇ ਧੜੇ ਦਾ ਨੁਕਸਾਨ ਪਾਣੀ ਨਾ ਮਿਲਣ ਕਰਕੇ ਵਧੇਰੇ ਹੋਇਆ ਸੀ। ਕਿਉਂਕਿ ਦਰਿਆ ਵਾਲਾ ਪਾਸਾ ਵਿਰੋਧੀ ਧੜੇ ਦੇ ਕਬਜ਼ੇ ਵਿਚ ਸੀ।

ਇਸ ਜੰਗਨਾਮੇ ਦੀ ਭਾਸ਼ਾ, ਮੂਰਤੀਕਾਰੀ, ਅਲੰਕਾਰ ਅਤੇ ਇਸ ਵਿਚ ਭਰਿਆ ਕਰੁਣਾ ਰਸ, ਇਸ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਬਣਾਉਦੇ ਹਨ। ਕਈ ਦ੍ਰਿਸ਼ ਪੜ੍ਹਦਿਆਂ ਤਾਂ ਬਦੋ-ਬਦੀ ਅਥਰੂ ਆ ਜਾਂਦੇ ਹਨ। ਉਦਾਹਰਣ ਵਜੋਂ, ਹੁਸੈਨ ਦੀ ਮੌਤ ਉਤੇ ਉਸ ਦੀ ਪਤਨੀ ਜ਼ੈਨਬ ਕੀਰਨੇ ਪਾਉਂਦੀ ਹੈ :

ਲੱਕੜੀ ਹੋਵਾਂ ਜਲ ਬਲਾਂ, ਲੂਣ ਹੋਵਾਂ ਗਲ ਜਾਂ।
ਤੇਰੀ ਜੰਮਣ ਰਾਤ ਤੋਂ, ਸਾਈਆਂ ਬਲ ਬਲ ਜਾਂ।

ਸਾਈਆਂ ਜੇ ਮੈਂ ਜਾਣਦੀ, ਗੋਲੀ ਵਿਚ ਹੈ ਜ਼ਹਿਰ।
ਖਾ ਕੇ ਮਰਦੀ ਆਪ ਮੈ ਕਿਉਂ ਹੁੰਦਾ ਇਹ ਕਹਿਰ।
ਬਾਗੀ ਰੋਵਣ ਕੋਇਲਾਂ, ਵਿਚ ਪਹਾੜਾਂ ਮੋਰ।
ਸਣ ਪੱਤ ਸਣ ਡਾਲੀਆਂ, ਰੁੱਖਾਂ ਪਾਇਆ ਸ਼ੋਰ।
ਰੁੰਨੀ ਚਿੜੀ ਚਿੜੰਗੜੀ, ਰੁੰਨੇ ਜੰਗਲ ਘਾਹ।
ਝੜੀ ਲਾਈ ਸੀ ਬੱਦਲਾਂ, ਬਿਜਲੀ ਮਾਰੀ ਆਹ।

ਲੜਾਈ ਦਾ ਵਰਣਨ ਕਰਦਿਆਂ ਕਵੀ ਨੇ ਦ੍ਰਿਸ਼-ਚਿਤਰ ਸੋਹਣੇ ਸਿਰਜੇ ਹਨ ਤੇ ਕਿਤੇ-ਕਿਤੇ ਤਾਂ ਬੀਰ ਰਸ ਵੀ ਭਰਿਆ ਹੈ, ਪਰ ਜੰਗਨਾਮੇ ਦਾ ਪ੍ਰਧਾਨ ਰਸ ਕਰੁਣਾਮਈ ਹੀ ਹੈ। ਬੀਰ ਰਸ ਭਰਨ ਲਈ ਉਹ ਕਿਤੇ ਕਿਤੇ ਸ਼ਬਦ ਅਲੰਕਾਰਾਂ ਦੀ ਵਰਤੋਂ ਕਰਦਾ ਹੈ ਅਤੇ ਇਸ ਵਿਚ ਵਾਰਤਾਲਾਪੀ ਸ਼ੈਲੀ ਦਾ ਪ੍ਰਯੋਗ ਵੀ ਕਰਦਾ ਹੈ :

ਸਾਨੂੰ ਦੱਸੋ ਭਾਈਓ, ਕਿਹੜਾ ਇਹ ਮੁਕਾਮ ?
ਇਹ ਧਰਤੀ ਹੈ ਕਰਬਲਾ, ਕਹਿਆ ਕਿਸੇ ਜੁਆਨ।

ਇਸ ਜੰਗਨਾਮੇ ਵਿਚ, ਜੋ ਸੰਭਵ ਹੈ ਕਿ ਪੰਜਾਬੀ ਵਿਚ ਸਭ ਤੋ ਪਹਿਲਾਂ ਜੰਗਨਾਮਾ ਹੀ ਹੋਵੇ, ਕਵੀ ਨੇ ਕਿਤੇ ਕਿਤੇ ਬਹੁਤ ਸੁੰਦਰ ਤੇ ਢੁਕਵੇਂ ਅਲੰਕਾਰ ਦੀ ਵਰਤੇ ਹਨ ਜਿਵੇਂ:

ਸੀਸ਼ਾ ਨਾਜਕ ਔਧਾ[1] ਗਿਆ ਜਹਾਨੋ ਟੁਟ।
ਵਸੀ ਸੈਫਾ[2] ਇਮਾਮ ਦੀ ਅੰਦਰ ਗਰਵ ਗੁਬਾਰ।
ਜਿਉਂ ਸਾਵਣ ਦੀ ਘਟ ਚੜ੍ਹੀ, ਬਿਜਲੀ ਦਾ ਚਮਕਾਰ।

ਇਸ ਜੰਗਨਾਮੇ ਵਿਚ ਕਈ ਥਾਈਂ ਕਵੀ ਪਾਤਰਾਂ ਦੇ ਮਨ ਦੇ ਵਲਵਲੇ ਦੱਸਣ ਲਈ ਕਈ ਦ੍ਰਿਸ਼ ਚਿਤ੍ਰਦਾ ਹੈ ਤੇ ਇਉਂ ਸੰਖੇਪਤਾ ਨਾਲ ਉਨ੍ਹਾਂ ਦੇ ਮਨੋਭਾਵਾਂ ਨੂੰ ਉਘਾੜ ਜਾਂਦਾ ਹੈ। ਮਾਂ ਬੀਬੀ ਫਾਤਮਾ ਦੀਆਂ ਭਾਵਨਾਵਾਂ ਨੂੰ ਕਵੀ ਨੇ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਚਿਤ੍ਰਿਆ ਹੈ :

ਕਹਿੰਦੀ ਬੀਬੀ ਫਾਤਮਾ[3], ਤੂੰ ਸੁਣ ਮੇਰੀ ਧੀ
ਉਮਰ ਆਮਨਾ ਹੁਸੈਨ ਦੀ ਸਾਰੀ ਪੁਜ ਰਹੀ,
ਭਲਕੇ ਮੇਰਾ ਲਾਡਲਾ ਸ਼ਾਹ ਹੁਸੈਨ ਅਮਾਮ,
ਤਾਜੀ ਘੋੜੇ ਉਪਰੋਂ ਡਿੱਗੇ ਇਤ ਮੁਕਾਮ,
ਕਰਨੀ ਹਾਂ ਇਸ ਜਗ੍ਹਾਂ ਥੀਂ, ਕੰਕਰ ਕੰਡੇ ਦੂਰ,
ਮਤ ਕੋਈ ਚੁਭੇ ਉਸ ਤਨ ਹੋਵੇ ਨਜੂਰ।[4]

ਭਾਵ ਇਹ ਕਿ ਮਾਂ ਅਗਲੇ ਦਿਨ ਯੁੱਧ ਵਿਚ ਸ਼ਹੀਦ ਹੋਣ ਵਾਲੇ ਆਪਣੇ ਪੁੱਤਰ ਦੀ ਡਿੱਗਣ ਵਾਲੀ ਥਾਂ, ਜੋ ਰੋੜਾਂ ਤੇ ਕੰਕਰਾਂ ਵਾਲੀ ਧਰਤੀ ਹੈ, ਨੂੰ ਸਾਫ਼ ਕਰ ਰਹੀ ਹੈ। ਉਸ ਨੂੰ ਡਰ ਹੈ ਮਤਾਂ ਘੋੜੇ ਤੋਂ ਸ਼ਹੀਦ ਹੋ ਕੇ ਡਿਗਦੇ ਮੇਰੇ ਲਾਡਲੇ ਮਲੂਕ ਪਰ ਬਹਾਦਰ ਪੁੱਤਰ ਦੇ ਕੰਕਰ ਜਾਂ ਕੰਡਾ ਨਾ ਚੁਭ ਜਾਵੇ।

ਮੁਕਬਲ ਦੀ ਤੀਜੀ ਰਚਨਾ 'ਸੀਹਰਫੀ' 'ਮੁਹੰਮਦ ਪੀਰ ਦਸਤਗੀਰ ਹਜ਼ਰਤ ਗੌਸ ਅਬਦੁਲ ਕਾਦਰ ਜੀਲਾਨੀ' ਹੈ। ਸ੍ਰੀ ਅਬਦੁਲ ਕਾਦਰ ਜੀਲਾਨੀ ਮੁਹੰਮਦ ਸਾਹਿਬ ਜੀ ਦੀ ਸਪੁਤਰੀ ਬੀਬੀ ਫ਼ਾਤਮਾ ਦੇ ਵੱਡੇ ਪੁੱਤਰ ਹਸਨ ਦੇ ਵੰਸ਼ ਵਿਚੋਂ ਸਨ ਤੇ ਫ਼ਾਰਸ (ਈਰਾਨ) ਦੇ ਨਗਰ ਜੀਲਾਨ ਦੇ ਵਸਨੀਕ ਸਨ, ਉਹ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਵਿਚੋਂ ਸਨ। 1078 ਵਿਚ ਜਨਮੇ ਤੇ 1168 ਈਸਵੀ ਵਿਚ ਉਨ੍ਹਾਂ ਦਾ ਦੇਹਾਂਤ ਹੋਇਆ। ਉਹ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ, ਪ੍ਰਚਾਰਕ, ਲੇਖਕ ਤੇ ਕਵੀ ਸਨ। ਕੁਰਾਨ ਮਜੀਦ, ਜੋ ਮੁਸਲਮਾਨਾਂ ਦੀ ਧਾਰਮਿਕ ਪੁਸਤਕ ਹੈ, ਇਨ੍ਹਾਂ ਨੂੰ ਜ਼ੁਬਾਨੀ ਯਾਦ ਸੀ ਅਤੇ ਇਨ੍ਹਾਂ ਨੂੰ

1. ਉਮਰ
2. ਤਲਵਾਰ
3. ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ
4. ਦੁੱਖੀ

ਕਰਾਮਾਤੀ ਵੀ ਮੰਨਿਆ ਜਾਂਦਾ ਹੈ।

ਇਸ ਸਤੋਤ੍ਰ (ਮਦਹ) ਵਿਚ ਵੀ ਉਨ੍ਹਾਂ ਦੀਆਂ ਕਈ ਕਰਮਾਤਾਂ ਦਾ ਵਰਣਨ ਹੈ। ਮੁਕਬਲ ਨੇ ਆਪਣਾ ਸਿਦਕ ਵੀ 'ਪੀਰਾਨ-ਪੀਰ' ਸੰਬੰਧੀ ਬਹੁਤ ਥਾਈਂ ਪ੍ਰਗਟਾਇਆ ਹੈ। ਇਉਂ ਇਹ ਇਕ ਸ਼ਰਧਾਲੂ ਦੀ ਸ਼ਰਧਾਂਜ਼ਲੀ ਹੈ, ਜੋ ਸਾਦੇ ਬੈਤਾਂ ਵਿਚ ਹੈ। ਇਸ ਦੀ ਕਥਾ ਮੁਸਲਮਾਨੀ ਧਰਮ ਨਾਲ ਸੰਬੰਧਿਤ ਹੋਣ ਕਰਕੇ ਇਸ ਦੀ ਭਾਸ਼ਾ ਉਤੇ ਅਰਬੀ ਫਾਰਸੀ ਦਾ ਪ੍ਰਭਾਵ ਹੈ।ਇਸ ਸੀਹਰਫ਼ੀ (ਸੀ-30, ਹਰਫੀ-ਅੱਖਰ) ਦੇ ਨਿਯਮ ਮੁਤਾਬਕ 30 ਹੀ ਬੈਂਤ ਹਨ ਤੇ ਹਰ ਬੈਤ ਫ਼ਾਰਸੀ ਲਿਪੀ ਦੇ ਇਕ ਅੱਖਰ ਨਾਲ ਆਰੰਭ ਹੁੰਦਾ ਹੈ ਜਿਵੇ :

ਜੇ-ਜ਼ਰਾ ਇਕ ਮੇਹਰ ਦੀ ਨਜ਼ਰ ਵੇਖੇ,
ਅਬਦੁਲ ਕਾਦਰਾ ਸਾਹਿਬਾ ! ਜੀਵਨੀ ਹਾਂ !
ਕਾਫ-ਕਰਮ ਉਨ੍ਹਾਂ ਧਨਵੰਤੀਆਂ ਦੇ,
ਦਸਤਗੀਰ ਦੀ ਜ਼ਿਆਰਤੋਂ ਆਉਂਦੀਆਂ ਨੇ ।

ਹੈਰਾਨੀ ਹੁੰਦੀ ਹੈ ਕਿ ਮੁਕਬਲ ਮੁਸਲਮਾਨ ਕਵੀ ਹੁੰਦਿਆਂ ਵੀ ਭਾਰਤੀ ਸ਼ਬਦ ਕਿਵੇ ਸੁਖੈਨਤਾ ਨਾਲ ਵਰਤਦਾ ਹੈ ਜਿਵੇ ਧਨਵੰਤੀ ਆਦਿ। ਇਸ ਰਚਨਾ ਵਿਚ ਵਧੇਰੇ ਸਾਹਿਤਕ ਗੁਣ ਨਹੀਂ। ਇਸ ਲਈ ਇਹ ਇਕ ਸਾਧਾਰਣ ਜਿਹੀ ਰਚਨਾ ਹੈ।

ਸਮੁੱਚੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਮੁਕਬਲ ਆਪਣੇ ਸਮੇਂ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਕਿੱਸਾ ਸਾਹਿਤ ਵਿਚ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ ।

ਵਾਰਿਸ ਸ਼ਾਹ

(1735-1785)

ਇਤਿਹਾਸਕ ਪਰਿਪੇਖ : ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋ ਵਧੇਰੇ ਪ੍ਰਸਿੱਧ ਕਿੱਸਾਕਾਰ ਹੈ। ਇਸ ਦੇ ਨਾਂ ਤੋਂ, ਪੜ੍ਹਿਆ ਅਨਪੜ੍ਹਿਆ ਹਰ ਪੰਜਾਬੀ ਜਾਣੂ ਹੈ। ਭਾਵੇਂ ਵਾਰਿਸ ਦੇ ਨਾਂ ਨਾਲ ਇਕ ਦੋ ਹੋਰ ਰਚਨਾਵਾਂ ਵੀ ਜੋੜੀਆਂ ਜਾਂਦੀਆਂ ਹਨ ਪਰ ਅਜੇ ਤਕ ਵਿਦਵਾਨ ਉਸ ਦੀ ਇਕੋ ਇਕ ਲਿਖਤ ਹੀਰ ਹੀ ਮੰਨਦੇ ਹਨ ਜਿਸ ਵਿਚ ਵੀ ਸਮੇਂ ਨਾਲ ਪ੍ਰਕਾਸ਼ਕਾਂ ਤੇ ਕਵੀਆਂ ਨੇ ਬਹੁਤ ਸਾਰਾ ਵਾਧਾ ਕਰ ਦਿੱਤਾ ਹੈ। ਜਿਵੇ ਇਕ ਪੁਰਾਣੀ ਐਡੀਸ਼ਨ ਵਿਚ ਕੁਝ ਸਤਰਾਂ ਦੇ ਮੁੱਢ ਵਿਚ ਹਿੰਦਸੇ ਲਿਖੇ ਹਨ ਜੋ 40 ਤਕ ਜਾਂਦੇ ਹਨ। ਕਵੀ ਹਦਾਇਤ ਉੱਲਾ ਨੇ ਇਕ ਵਾਰੀ ਮੰਨਿਆ ਸੀ ਕਿ ਮੈਂ ਹੀਰ ਵਾਰਿਸ ਵਿਚ 100 ਬੈਂਤ ਆਪਣੇ ਵਲੋਂ ਲਿਖ ਕੇ ਭਰਤੀ ਕੀਤੇ ਹਨ।

ਵਾਰਿਸ ਸ਼ਾਹ ਦੇ ਜਨਮ ਮਰਨ ਦੀਆਂ ਤਰੀਕਾਂ ਨਿਸ਼ਚਿਤ ਨਹੀਂ ਪਰੰਤੂ ਅਨੁਮਾਨ ਅਨੁਸਾਰ ਜਨਮ ਸੰਨ 1735 ਵਿਚ ਨਨਕਾਣੇ ਸਾਹਿਬ ਦੇ ਲਾਗੇ ਜ਼ਿਲ੍ਹਾਂ ਸ਼ੇਖਪੁਰਾ (ਹੁਣ ਪਾਕਿਸਤਾਨ ਵਿਚ) ਦੇ ਅਜੇ ਵੀ ਘੱਗ ਵਸਦੇ ਨਗਰ ਜੰਡਿਆਲਾ ਸ਼ੇਰ ਖਾਂ ਵਿਚ ਗੁਲਮੇਰ ਸ਼ਾਹ ਦੇ ਘਰ ਹੋਇਆ। ਬਾਲ ਵਾਰਿਸ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਦੀ ਮਸੀਤ ਵਿਚ ਮੌਲਵੀ ਕੋਲੋਂ ਪ੍ਰਾਪਤ ਕੀਤੀ। ਇਸ ਪਿੱਛੋਂ ਕਹਿੰਦੇ ਹਨ ਆਪਣੇ ਪਿਓ ਦੀ ਮੌਤ ਕਾਰਨ ਵਾਰਿਸ ਆਪਣੇ ਭਰਾਵਾਂ ਭਰਜਾਈਆਂ ਨਾਲ ਝਗੜਾ ਕਰਕੇ ਉਹ ਕਸੂਰ ਸ਼ਹਿਰ ਵਿਚ (ਹੁਣ ਪਾਕਿਸਤਾਨ ਵਿਚ) ਜੋ ਖੇਮਕਰਨ ਤੋ ਨੇੜੇ ਹੀ ਹੈ, ਜਾ ਕੇ ਇਹ ਮੌਲਵੀ ਮੁਰਤਜਾ ਸ਼ਾਹ ਮੁਖਦੂਮਾ ਦਾ ਸ਼ਾਗਿਰਦ ਬਣਿਆ ਜਿੱਥੇ ਉਸ ਨੇ ਨੁਗਨ ਮਜੀਦ ਪੜ੍ਹਿਆ ਤੇ ਹੋਰ ਵਿਦਿਆ ਪਾਈ। ਇਸ ਪਿੱਛੋਂ ਉਹ ਪਟਨ (ਹੁਣ ਪਾਕਿਸਤਾਨ) ਵਿਚ ਸ਼ੇਖ ਫ਼ਰੀਦ ਦੀ ਗੱਦੀ ਦਾ ਵਾਰਿਸ਼ ਫ਼ਰੀਦ ਦਾ ਚੇਲਾ ਬਣਿਆ ਤੇ ਅੰਤ ਨੂੰ ਫ਼ਕੀਰ ਬਣ ਕੇ ਠੱਟਾ ਜ਼ਾਹਦ ਨਾਂ ਦੇ ਪਿੰਡ ਵਿਚ ਜਾ ਟਿਕਿਆ।

ਉਥੋ ਚਲ ਕੇ ਵਾਰਿਸ਼ ਮੁਲਕ ਹਾਂਸ ਨਾਂ ਦੇ ਪਿੰਡ ਵਿਚ ਜੋ ਮਿੰਟਗਮੁਰੀ ਅਤੇ ਪਾਕ ਪਟਨ (ਪਾਕਿਸਤਾਨ) ਦੇ ਲਗਭਗ ਵਿਚਕਾਰ ਹੈ, ਇਕ ਮਸੀਤ ਵਿਚ ਮੌਲਵੀ ਜਾ ਬਣਿਆ। ਪਿੰਡ ਦੇ ਲੋਕ ਇਸ ਮਸੀਤ ਨਾਲ ਲਗਦੀ ਇਕ ਕੋਠੀ ਵਿਖਾਉਂਦੇ ਹਨ ਜਿਥੇ ਉਨ੍ਹਾਂ ਦੇ ਕਹਿਣ ਅਨੁਸਾਰ ਵਾਰਿਸ ਸ਼ਾਹ ਰਹਿੰਦਾ ਤੇ 'ਹੀਰ' ਲਿਖਦਾ ਰਿਹਾ। ਇਹ ਗੱਲ ਵੀ ਆਮ ਪ੍ਰਚਲਤ ਹੈ ਕਿ ਉਹ ਬੜੀ ਸੋਹਣੀ ਆਵਾਜ਼ ਤੇ ਹੇਕ ਵਿਚ ਮਸਤ ਹੋ ਕੇ ਹੀਰ ਦੇ ਰਚੇ ਬੈਂਤ ਪਿੰਡ ਦੇ ਲੋਕਾਂ

---

1. ਵਾਰਿਸ ਨੇ ਲਿਖਿਆ ਹੈ ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ ਅਤੇ ਸ਼ਗਿਰਦ ਸਖਦੂਮ ਕਸੂਰ ਦਾ ਏ।

ਨੂੰ ਸੁਣਾਉਂਦਾ ਸੀ। ਇਹ ਕਿੱਸਾ ਉਸ ਨੇ 1180 ਹਿਜਰੀ ਅਰਥਾਤ 1765ਈ. ਵਿਚ ਮੁਕਾਇਆ।

ਵਾਰਿਸ ਸ਼ਾਹ ਦੀ ਪ੍ਰਸਿੱਧੀ ਦਿਨੋ-ਦਿਨ ਵਧਦੀ ਗਈ। ਇਥੋਂ ਉਹ ਆਪਣੇ ਪਿੰਡ ਜੰਡਿਆਲੇ ਸ਼ੇਰ ਖਾਂ ਵਿਚ ਆ ਗਿਆ ਜਿਥੇ ਉਸ ਨੇ ਵਿਆਹ ਕਰ ਲਿਆ ਅਤੇ ਉਸ ਦੇ ਘਰ ਦੋ ਲੜਕੀਆਂ ਵੀ ਹੋਈਆਂ। ਇਥੇ ਹੀ ਰਹਿੰਦਿਆਂ 1785 ਈ. ਦੇ ਲਗਭਗ ਉਸ ਦਾ ਦੇਹਾਂਤ ਹੋ ਗਿਆ। ਇਥੇ ਇਸ ਦਾ ਮਕਬਰਾ ਬਣਿਆ ਹੋਇਆ ਹੈ, ਜਿਥੇ ਹਰ ਵਰ੍ਹੇ ਮੇਲਾ ਲਗਦਾ ਹੈ।

ਵਾਰਿਸ ਸ਼ਾਹ ਦੇ ਨਾਂ ਨਾਲ ਕੁਝ ਹੋਰ ਕਿੱਸੇ ਜੋੜੇ ਜਾਂਦੇ ਹਨ, ਜਿਵੇਂ ਚੂੜੇਟੜੀ ਨਾਮਾ (ਚੂਹੜੀ ਨਾਮਾ), ਮਿਆਰਾਜ ਨਾਮਾ, ਨਸੀਹਤਨਾਮਾ, ਸ਼ਰਤਨਾਮਾ, ਸੀਹਰਫ਼ੀ ਲਾਹੌਰ, ਸੱਸੀ ਪੁੰਨੂੰ ਆਦਿ, ਪਰ ਇਹ ਵਧੇਰੇ ਪ੍ਰਸਿੱਧ ਨਹੀਂ ਅਤੇ ਕਈ ਵਿਦਵਾਨ ਤਾਂ ਉਨ੍ਹਾਂ ਨੂੰ ਵਾਰਿਸ ਸ਼ਾਹ ਦੀ ਰਚਨਾ ਨਹੀਂ ਮੰਨਦੇ ਕਿਉਂਕਿ ਇਨ੍ਹਾਂ ਦੀ ਬੋਲੀ ਅਤੇ ਸ਼ੈਲੀ ਹੀਰ ਦੇ ਕਿੱਸੇ ਤੋਂ ਬਹੁਤ ਹੀ ਨੀਵੀਂ ਪੱਧਰ ਦੀ ਹੈ।

ਸਾਹਿਤਕ ਆਧਾਰ

ਕੇਵਲ ਇਕੋ ਕਿੱਸੇ ਨਾਲ ਹੀ ਵਾਰਿਸ ਸ਼ਾਹ ਦੀ ਇੰਨੀ ਪ੍ਰਸਿੱਧੀ ਦੇ ਕਾਰਨ ਕਈ ਹਨ। ਕਈ ਵਿਦਵਾਨ ਉਸ ਦੇ ਕਿੱਸੇ ਨੂੰ ਸਮਾਜਿਕ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ, ਕਈ ਨਿਰੋਲ ਰੂਪਕ ਪੱਖ ਦੇ ਗੁਣਾਂ ਤੋਂ, ਕਈ ਉਸ ਵਿਚੋਂ ਕਥਾ-ਰਸ ਲੈਂਦੇਂ ਹਨ, ਕਈ ਉਸ ਨੂੰ ਅਨੇਕ-ਪੱਖੀ ਗਿਆਨ ਤੇ ਵੇਰਵਾ ਦਾ ਸੋਮਾ ਮੰਨਦੇ ਹਨ ਅਤੇ ਗੱਲ ਇਥੇ ਹੀ ਮੁਕਦੀ ਹੈ ਕਿ ਜਦੋਂ ਸੁੰਦਰਤਾ ਦਰਸ਼ਨ ਦੇਵੇ ਹਰ ਕੋਈ ਆਪਣੀ ਜਾਣੇ। ਜਦ ਕੋਈ ਵੀ ਵਸਤੂ ਸਾਡੇ ਮਨ ਨੂੰ ਭਾ ਜਾਏ ਤਾਂ ਉਸ ਦੀ ਮਹਿਮਾ ਸੁਣ-ਸੁਣ ਅਸੀਂ ਪ੍ਰਭਾਵਿਤ ਹੋ ਜਾਈਏ ਤਾਂ ਫਿਰ ਉਸ ਵਿਚ ਲੁਕੇ ਗੁਣ ਆਪਣੇ ਆਪ ਹੀ ਲੱਭਦੇ ਜਾਂਦੇ ਹਨ।

ਵਾਰਿਸ ਸ਼ਾਹ ਦੀ ਇੰਨੀ ਮਹਿਮਾ ਪਸਰਨ ਦਾ ਕੋਈ ਇਕ ਕਾਰਣ ਨਹੀਂ ਸਗੋਂ ਹੋਰ ਅਨੇਕਾਂ ਗੁਣ ਹਨ। ਇਹ ਗੁਣ ਹੇਠ ਲਿਖੇ ਹਨ :

ਵਾਰਿਸ ਸ਼ਾਹ ਨੇ ਉਸ ਵੇਲੇ ਦੇ ਪੰਜਾਬ ਦੇ ਨਿੱਤ ਜੀਵਨ ਦੇ ਬਹੁਤ ਦ੍ਰਿਸ਼ ਪੇਸ਼ ਕੀਤੇ ਹਨ ਜਿਵੇਂ ਲੋਕਾਂ ਦਾ ਬੇਲਿਆਂ ਵਿਚ ਮੱਝਾਂ ਚਾਰਨਾ, ਮਸੀਤਾਂ ਵਿਚ ਮੁੰਡਿਆਂ ਦਾ ਪੜ੍ਹਨਾ, ਮੌਲਵੀਆਂ ਤੇ ਪਿੰਡ ਦੇ ਵਸਨੀਕਾਂ ਦਾ ਆਚਰਣ, ਵਿਆਹ ਸ਼ਾਦੀਆਂ ਦੀਆਂ ਰਸਮਾਂ, ਇਨਸਾਫ਼, ਲੜਾਈਆਂ, ਹਕੀਮੀ, ਇਸਤਰੀਆਂ ਦੇ ਚਾਲੇ ਤੇ ਲੱਛਣ, ਜੋਗੀਆਂ ਦਾ ਵਰਤਾਰਾ ਆਦਿ। ਅੱਜ ਵੀ ਵਾਰਿਸ ਸ਼ਾਹ ਦੀ ਹੀਰ ਪੜ੍ਹਦਿਆਂ ਉਹ ਦ੍ਰਿਸ਼ ਫ਼ਿਲਮ ਵਾਂਗ ਅੱਖਾਂ ਸਾਹਮਣੇ ਫਿਰ ਆ ਜਾਂਦੇ ਹਨ।

ਉਹ ਦਮੋਦਰ ਵਾਂਗ ਹੀਰ ਰਾਂਝੇ ਦੇ ਜ਼ਾਹਰਾ ਦਿਸੋਂ ਆਉਂਦੇ, ਸਵਾਂਗ ਰੂਪ ਨੂੰ ਬਿਆਨ ਕਰਕੇ ਹੀ ਬਸ ਨਹੀਂ ਕਰਦਾ ਸਗੋਂ ਭਾਈਚਾਰੇ ਦੇ ਵਿਸ਼ਾਲ ਪਿੜ ਵਿਚ ਉਨ੍ਹਾਂ ਨੂੰ ਖੜਾ ਕਰ ਕੇ ਅੱਡ-ਅੱਡ ਭਾਈਚਾਰਕ ਵਿਅਕਤੀਆਂ ਦੀ ਜਬਾਨੋਂ ਉਨ੍ਹਾਂ ਦੀ ਆਲੋਚਨਾ ਕਰਵਾਉਂਦਾ ਹੈ।

ਪੁਰਾਣੀ ਪ੍ਰਚਲਿਤ ਹੋ ਚੁੱਕੀ ਹੀਰ ਰਾਂਝੇ ਦੀ ਕਹਾਣੀ ਵਿਚ ਉਸ ਨੇ ਬਹੁਤ ਸਾਰੇ ਦ੍ਰਿਸ਼ ਆਪਣੀ ਕਲਪਣਾ ਨਾਲ ਲਿਆਂਦੇ ਤੇ ਇਉਂ ਕਹਾਣੀ ਨੂੰ ਇਕ ਨਵਾਂ ਰੂਪ ਦਿੱਤਾ। ਇਸੇ ਕਰਕੇ ਕਿੱਸੇ ਵਿਚ ਦਮੋਦਰ ਤੇ ਮੁਕਬਲ ਨਾਲੋਂ ਕੁਝ ਅੰਤਰ ਹਨ ਜਿਵੇਂ ਹੀਰ ਦੀ ਨਨਾਣ ਸਹਿਤੀ ਤੇ ਮੁਰਾਦ ਬਲੋਚ ਦੀ ਪ੍ਰੇਮ ਕਹਾਣੀ ਦਾ ਵਾਰਿਸ ਤੋਂ ਪਹਿਲੇ ਕਿੱਸੇ ਕਾਰਾਂ ਵਿਚੋ ਕੋਈ ਵਰਣਨ ਨਹੀ਼। ਦਮੋਦਰ, ਮੁਕਬਲ, ਅਹਿਮਦ ਗੁੱਜਰ ਆਦਿ ਹੀਰ ਰਾਂਝੇ ਨੂੰ ਮੱਕੇ ਭੇਜਦੇ ਹਨ ਪਰ ਵਾਰਿਸ ਹੀਰ ਨੂੰ ਉਸ ਦੇ ਚਾਚੇ ਕੈਦੋਂ ਦੇ ਹੱਥੀ ਜ਼ਹਿਰ ਪਿਆਉਂਦਾ ਹੈ ਤੇ ਰਾਂਝੇ ਨੂੰ ਜੰਞ ਬਣਾ ਕੇ ਲਿਆਉਣ ਲਈ ਕਿਹਾ ਗਿਆ ਹੈ, ਰਾਂਝਾ ਹੀਰ ਦੀ ਮੌਤ ਦੀ ਖਬਰ ਸੁਣ ਕੇ ਮਰਦਾ ਹੈ। ਅਹਿਮਦਸ਼ਾਹ ਅਬਦਾਲੀ ਦੇ ਹਮਲੇ ਦਾ ਪੰਜਾਬ ਵਿਚ ਅਤੇ ਸਿੰਘ ਸਰਦਾਰਾਂ ਦੇ ਦਿਨੋਂ ਦਿਨ ਵਧ ਰਿਹਾ ਤੇਜ਼ ਪ੍ਰਤਾਪ ਦਾ ਜ਼ਿਕਰ ਵੀ ਹੀਰ ਦੀ ਹੀ ਕਹਾਣੀ ਵਿਚ ਮਿਲਦਾ ਹੈ। ਉਦਾਹਰਣ ਵਜੋਂ ਦੇਖੋ :

> ਤਦੋਂ ਦੇਸ਼ ਦੇ ਵਿਚ ਸੀ ਬੜਾ ਰੌਲਾ, ਹਰ ਇਕ ਦੇ ਹੱਥ ਤਲਵਾਰ ਹੋਈ।
> ਚੋਰ ਚੋਧਰੀ ਯਾਰ ਨਾਪਾਕ[1] ਦਾਮਨ,[2] ਭੂਤ ਮੰਡਲੀ ਇਕ ਦੂ ਚਾਰ ਹੋਈ।
> ਨਾਦਰ ਸ਼ਾਹ ਤੋਂ ਹਿੰਦ ਪੰਜਾਬ ਧੜਕੇ, ਮੇਰੇ ਬਾਪ ਦਾ ਤੁਧ ਭੁਚਾਲ ਕੀਤੋ।

---

1 ਨਾਪਾਕ-ਅਪਵਿਤਰ

2 ਦਾਮਨ-ਪੱਲਾ

(ੲ) ਸਾਰੇ ਦੇਸ਼ ਜ਼ੁਅਰਬ[1] ਪੰਜਾਬ ਵਿਚੋਂ ਮੈਨੂੰ ਬੜਾ ਅਫ਼ਸੋਸ ਕਸੂਰ ਦਾ ਏ

ਹੋਰ ਤਾਂ ਉਸ ਨੇ ਕਈ ਥਾਈਂ ਅਲੰਕਾਰ ਤੇ ਮਿਸਾਲਾਂ ਵੀ ਉਸ ਵੇਲੇ ਦੀ ਰਾਜਸੀ ਹਾਲਤ ਵਿਚੋਂ ਲਈਆਂ ਹਨ ਜਿਵੇਂ ਸਹੇਲੀਆਂ ਸਣੇ ਹੀਰ ਜਦੋਂ ਕੈਦੋਂ ਨੂੰ ਕੁਟਾਪਾ ਚਾੜ ਕੇ ਵਾਪਸ ਮੁੜਦੀ ਹੈ ਤਾਂ ਵਾਰਿਸ ਆਖਦਾ ਹੈ :

ਫੌਜਾਂ ਸ਼ਾਹ ਦੀਆਂ ਵਾਰਸਾ ਮਾਰ ਮੱਥਰਾ,
ਫੇਰ ਮੁੜ ਲਾਹੌਰ ਨੂੰ ਆਈਆਂ ਨੀਂ।

ਅਬਦਾਲੀ ਦੀ ਮਥਰਾ ਦੀ ਲੁੱਟ ਤੇ ਕੀਤੇ ਜ਼ੁਲਮ ਇਤਿਹਾਸ ਦੀਆਂ ਪ੍ਰਸਿੱਧ ਘਟਨਾਵਾਂ ਰਚਨਾ ਵਿਚ ਦਰਜ ਹਨ।

ਵਾਰਿਸ ਸ਼ਾਹ ਨੇ ਥਾਂ-ਥਾਂ ਉਤੇ ਆਪਣੇ ਗਿਆਨ ਤੇ ਤਜਰਬੇ ਦੇ ਆਧਾਰ ਉਤੇ ਜੀਵਨ ਦਰਸ਼ਨ ਦੇ ਕੁਝ ਨਿਚੋੜ ਦਿੱਤੇ ਹਨ, ਜੋ ਸਾਡੇ ਜੀਵਨ ਲਈ ਉਪਯੋਗੀ ਤੇ ਸਿਖਿਆਦਾਇਕ ਹਨ ਜਿਵੇਂ :

ਕਰਕੇ ਹਿੰਮਤਾਂ ਖਾਹ, ਕੁਝ ਦੇਹ ਹੱਥੋਂ ਪੈਨ ਪੂਰੀਆਂ ਨੇਕ ਕਮਾਈ ਦੀਆਂ।
ਵਾਰਿਸ ਜਿਨ੍ਹਾਂ ਨੂੰ ਹੋਰ ਨਾ ਤਾਂਘ ਕੋਈ ਕੰਮ ਤਿੰਨਾਂ ਦੇ ਆਪ ਸਵਾਰਦਾ ਏ।
ਸ਼ੌਕ, ਮਹਿਰ ਤੇ ਸਿਦਕ ਯਕੀਨ ਬਾਝੋਂ, ਕੇਹਾ ਫਾਇਦਾ ਟੁਕੜੇ ਮੰਗਿਆਂ ਦਾ।
ਵਾਰਿਸ ਸ਼ਾਹ ਉਹ ਆਪ ਹੈ ਕਰਨਹਾਰਾ, ਇਨ੍ਹਾਂ ਬੰਦਿਆਂ ਦੇ ਕੁਝ ਹੱਥ ਨਾਹੀਂ।

ਉਸ ਦੀਆਂ ਕਈ ਅਜਿਹੀਆਂ ਸਿਖਿਆਵਾਂ ਤੇ ਤੱਤ ਅੱਜ ਕਲ੍ਹ ਵੀ ਆਮ ਲੋਕਾਂ ਵਿਚ ਅਖਾਉਤਾਂ ਵਾਂਗ ਪ੍ਰਸਿੱਧ ਹਨ ਜਿਵੇ :

ਵਾਰਿਸ ਸ਼ਾਹ ਇਹ ਗਰਜ਼ ਹੈ ਬਹੁਤ ਪਿਆਰੀ,
ਹੋਰ ਸਾਕ ਨਾ ਸੈਣ ਨਾ ਅੰਗ ਦੇ ਨੀ।
ਵਾਰਿਸ ਸ਼ਾਹ ਨਾ ਭੇਤ ਸੰਦੂਕ ਖੁਲ੍ਹੇ।
ਭਾਵੇਂ ਜਾਨ ਦਾ ਜੰਦਰਾ ਟੁੱਟ ਜਾਏ।
ਡੰਡਾ ਪੀਰ ਹੈ ਵਿਗੜਿਆ ਤਿਗੜਿਆਂ ਦਾ।
ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।
ਵਾਰਿਸ ਸ਼ਾਹ ਲੁਕਾਈਏ ਖਲਕ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।
ਵਾਰਿਸ ਰੰਨ, ਤਲਵਾਰ, ਫ਼ਕੀਰ, ਘੋੜਾ,
ਚਾਰੇ ਥੋਕ ਇਹ ਕਿਸੇ ਦੇ ਯਾਰ ਨਹੀਂ।

ਵਾਰਿਸ ਸ਼ਾਹ ਨੇ ਆਪਣੇ ਪਾਤਰਾਂ ਦੇ ਸੁਭਾਅ ਬੜੇ ਵਿਸਤਾਰ ਨਾਲ ਚਿਤਰੇ ਹਨ। ਹੀਰ ਨਿਧੜਕ, ਨਿਡਰ, ਯੋਜਨਾ ਬਣਾਉਣ ਵਾਲੀ ਤੇ ਅੱਗੇ ਦੀ ਸੋਚਣ ਵਾਲੀ ਹੈ । ਉਹ ਸਭ ਸੱਚੀਆਂ ਸੁਣਾਉਂਦੀ ਹੈ। ਪਰ ਰਾਂਝਾ ਡਰਾਕਲ, ਆਖੇ ਲੱਗਣ ਵਾਲਾ, ਸਿੱਧੜ ਤੇ ਉਲਾਂਭੇ ਦੇਣ ਵਾਲਾ ਸੇਵਕ ਸੁਭਾ ਮਨੁੱਖ ਹੈ। ਆਪਣੇ ਪਾਤਰਾਂ ਦੀ ਦਿਲ ਦੀ ਹਾਲਤ ਨੂੰ ਵਾਰਿਸ ਖੂਬ ਸਮਝਦਾ ਹੈ ਤੇ ਸੋਹਣੀ ਤਰ੍ਹਾਂ ਦਰਸਾਉਂਦਾ ਹੈ।

ਗੱਲਬਾਤ ਭਾਵ ਵਾਰਤਾਲਾਪ ਵੀ ਵਾਰਿਸ ਨੇ ਬੜਾ ਢੁੱਕਵਾਂ ਵਰਤਿਆ ਹੈ। ਜਿਹੋ ਜਿਹਾ ਪਾਤਰ ਹੈ, ਉਸ ਦੇ ਸੁਭਾਅ ਤੇ ਉਸ ਦਾ ਸਮਾਜਿਕ ਰੁਤਬੇ ਅਨੁਸਾਰ ਹੀ ਸ਼ਬਦ ਉਸ ਦੇ ਮੂੰਹੋਂ ਅਖਵਾਏ ਹਨ। ਜੋਗੀ ਬਣਿਆ ਰਾਂਝਾ "ਹਮੀ ਲੋਕ ਵਾਸੀ" ਆਖਦਾ ਹੈ। ਇੰਜ ਹੀ ਇਤਿਹਾਸਕ, ਮਿਥਿਹਾਸਿਕ ਤੇ ਧਾਰਮਿਕ ਇਸ਼ਾਰੇ ਵੀ ਉਹੀ ਹਨ ਜੋ ਉਸ ਸਮੇ ਦੇ ਲੋਕਾਂ ਵਿਚ ਸੁਭਾਵਕ ਪ੍ਰਚਲਿਤ ਸਨ। ਉਹ ਤਾਂ ਕਹਾਣੀ ਦਾ ਬਹੁਤਾ ਭਾਗ ਚਲਾਉਂਦਾ ਹੀ ਨਾਟਕ ਪਾਤਰਾਂ ਦੀ ਗੱਲਬਾਤ ਰਾਹੀਂ ਹੈ । ਇਸ ਲਈ ਕਈ ਵਿਦਵਾਨ ਵਾਰਿਸ ਸ਼ਾਹ ਦੀ ਹੀਰ ਦੇ ਕਥਾਨਕ ਨੂੰ ਨਾਟਕੀ ਮੰਨਦੇ ਹਨ।

ਵਾਰਿਸ ਸ਼ਾਹ ਨੇ ਸਾਰੇ ਕਿੱਸੇ ਵਿਚ ਦ੍ਰਿਸ਼ ਵਰਣਨ ਬਹੁਤ ਵਿਸਤਾਰ ਨਾਲ ਦਿੱਤੇ ਹਨ ਪਰ ਕਈ ਥਾਈ ਉਹ ਵਾਧੂ ਵੇਰਵੇ ਤੇ ਲਿਸਟਾਂ ਦੇਣ ਲਗਦਾ ਹੈ। ਫਿਰ ਵੀ ਕਿਤੇ ਉਸ ਦਾ ਦ੍ਰਿਸ਼-ਵਰਣਨ ਬੜਾ ਗੁਦਵਾਂ ਹੈ। ਉਹ ਥੋੜੇ ਜਿਹੇ ਸ਼ਬਦਾਂ ਵਿਚ ਸਾਰੇ ਪੰਜਾਬ ਦੇ ਪਿੰਡਾਂ ਦੀ ਸੁੰਦਰ ਸਵੇਰ ਦਾ ਦ੍ਰਿਸ਼ ਪੇਸ਼ ਕਰ ਜਾਂਦਾ ਹੈ, ਜਿਵੇ :

1 ਜ਼ੁਅਰਬ (ਜਰਖੇਜ਼ ਬਹੁਤੀ ਉਪਜ ਵਾਲਾ)

(ੳ) ਚਿੜੀ ਚੂਕਦੀ ਨਾਲ ਜਾਂ ਟੁਰੇ ਪਾਂਧੀ, ਪਈਆਂ ਦੁੱਧ ਦੇ ਵਿਚ ਮਿਧਾਣੀਆਂ ਨੀ ।
ਸੁਬਹੁ ਸਾਦਕ ਕੋਈ ਜਾਂ ਆਣ ਰੋਸ਼ਨ, ਤਦੋਂ ਲਾਲੀਆਂ ਆਣ ਚਿਚਲਾਈਆਂ ਨੀ।
ਇਕਨਾ ਉਠ ਕੇ ਜੋਤਰੇ ਲਾ ਛੱਡੇ, ਇਕ ਢੂੰਢਦੇ ਫਿਰਨ ਪੁਰਾਣੀਆਂ ਨੀ।

ਕਿਧਰੇ-ਕਿਧਰੇ ਕਵੀ ਵਾਰਿਸ ਸ਼ਾਹ ਮਰਯਾਦਾ ਦੀਆਂ ਹੱਦਾਂ ਉਤੇ ਪੁੱਜਦਾ ਹੈ । ਵਾਰਿਸ ਨੂੰ ਨਿਰਦੋਸ਼ ਦੱਸਣ ਲਈ ਇਹ ਵੀ ਕਿਹਾ ਜਾਦਾਂ ਹੈਂ ਕਿ ਇਹ ਪਿਛੋਂ ਰਲਾ ਕਰਨ ਵਾਲਿਆਂ ਦੀ ਕ੍ਰਿਪਾ ਹੈ। ਕੁਝ ਆਲੋਚਕ ਕਹਿੰਦੇ ਹਨ ਕਿ ਅਸਲ ਤਸਵੀਰ ਪੇਸ਼ ਕਰਨ ਦੇ ਵਿਚਾਰ ਨਾਲ ਉਸ ਨੇ ਅਜਿਹਾ ਕੀਤਾ ਹੈ ਅਤੇ ਉਸ ਵੇਲੇ ਅਜਿਹੀਆਂ ਗੱਲਾਂ ਤੇ ਵਰਣਨ ਪ੍ਰਵਾਣਿਤ ਸਨ । ਦੋਹੀਂ ਪਾਸੀਂ ਕੁਝ ਸੱਚ ਦੇ ਅੰਸ਼ ਹਨ। ਇੰਜ ਹੀ ਵਾਰਿਸ ਸ਼ਾਹ ਦਾ ਥਾਂ-ਥਾਂ ਲੜਾਈਆਂ ਝਗੜਿਆਂ ਦਾ ਮੁੜ ਵਰਣਨ ਕਰਨਾ ਵੀ ਪੰਜਾਬੀ ਸੁਭਾਅ ਦੀ ਮੰਗ ਨੂੰ ਪੂਰਾ ਕਰਨ ਦੀ ਰੀਝ ਹੀ ਜਾਪਦੀ ਹੈ।

ਵਾਰਿਸ ਸ਼ਾਹ ਨੇ ਸਾਰੇ ਕਿੱਸੇ ਵਿਚ ਮੁਕਬਲ ਵਾਂਗ ਬੈਤਂ ਛੰਦ ਵੀ ਵਰਤਿਆ ਹੈ ਪਰ ਉਸ ਨੇ ਰਵਾਨੀ, ਸ਼ੁੱਧਤਾ ਤੇ ਲੈਅ, ਇੰਨੀ ਸੁਚੱਜਤਾ ਨਾਲ ਨਿਭਾਈ ਹੈ ਕਿ ਵਾਰਿਸ ਤੋਂ ਪਿਛੋਂ ਬੈਂਤ ਲਿਖਣੀ ਕਵੀਆਂ ਲਈ ਇਕ ਫੈਸ਼ਨ ਹੀ ਬਣ ਗਿਆ ਸੀ । ਸੰਨ 1930 ਤਕ ਪੰਜਾਬੀ ਕਵਿਤਾ ਵਿਚ ਤੇ ਕਵੀ ਦਰਬਾਰਾਂ ਦੀ ਸਟੇਜ ਉਤੇ ਬੈਂਤ ਦੀ ਹੀ ਪ੍ਰਧਾਨਤਾ ਸੀ । ਏਥੋਂ ਤਕ ਕਿ ਧਾਰਮਿਕ ਕਿੱਸੇ ਜਾਂ ਗੁਰੂ ਸਾਹਿਬਾਂ ਦੇ ਜੀਵਨ ਆਦਿ ਵੀ ਬੈਂਤ ਵਿਚ ਹੀ ਲਿਖੇ ਗਏ ।

ਵਾਰਿਸ ਸ਼ਾਹ ਦੀ ਹੀਰ ਦੀ ਬੋਲੀ ਠੇਠ ਮੁਹਾਵਰੇਦਾਰ ਤੇ ਖੜਕਵੀਂ ਹੈ । ਅਹਿਮਦ ਯਾਰ ਨੇ ਇਸੇ ਲਈ ਉਸ ਨੂੰ ਸੁਖਨ ਦਾ ਵਾਰਿਸ ਕਿਹਾ ਹੈ। ਮੁਸਲਮਾਨੀ ਧਾਰਮਿਕ ਪੁਸਤਕ ਕੁਰਾਨ ਦੀਆਂ ਅਰਬੀ ਦੀਆਂ ਆਇਤਾਂ ਵੀ ਉਸ ਨੇ ਵਰਤੀਆਂ ਹਨ ਤੇ ਫ਼ਾਰਸੀ ਅਰਬੀ ਦੇ ਉਸ ਵੇਲੇ ਦੇ ਪ੍ਰਚਲਿਤ ਲਫਜ਼ ਵੀ ਵਾਰਿਸ਼ ਸ਼ਾਹ ਨੇ ਖੁਲ੍ਹੇ ਦਿਲ ਨਾਲ ਅਪਨਾਏ ਹਨ। ਜਿਵੇਂ ਉਤੇ ਕਿਹਾ ਗਿਆ ਹੈ, ਵਾਰਿਸ ਸ਼ਾਹ ਆਪਣੇ ਕਿੱਸੇ ਵਿਚ ਸਮੇਂ, ਪਾਤਰ ਤੇ ਵਾਤਾਵਰਣ ਅਨੁਸਾਰ ਢੁੱਕਵੀਂ ਬੋਲੀ ਵਰਤਦਾ ਹੈ। ਖੇੜਿਆਂ ਘਰ ਉਦਾਸ ਬੈਠੀ ਹੀਰ ਦਾ ਜ਼ਿਕਰ ਕਰਦਾ ਵਾਰਿਸ ਸ਼ਾਹ ਦਾ ਸੁਰ ਕਰੁਣਾਮਈ ਹੈ ਪਰ ਕੈਦੋਂ ਨਾਲ ਲੜਾਈ ਵਿਚ ਹੀਰ ਕੈਦੋਂ ਦੋਵੇਂ ਚੰਗੇ ਭਾਰੇ ਫੱਕੜ ਤੋਲਦੇ ਹਨ । ਪਰ ਉਹੀ ਹੀਰ ਲਾਭ ਵਿਚ ਆਈ 'ਅਣੀ ਝਾਤ ਨੀ ਅੰਬੜੀ ਮੇਰੀਏ ਨੀਂ' ਅਨੁਸਾਰ ਆਪਣੇ ਪਿਆਰ ਵਿਚ ਪਾਣੀ ਬਣ ਵਹਿ ਗਈ ਜਾਪਦੀ ਹੈ।

ਵਾਰਿਸ ਸ਼ਾਹ ਨੇ ਮਿਸਾਲਾਂ, ਦ੍ਰਿਸ਼ਟਾਂਤ ਤੇ ਅੰਲਕਾਰਾਂ ਲਈ ਫ਼ਾਰਸੀ ਦੇ ਪ੍ਰਚਲਿਤ ਉਪਨਾਮ ਵੀ ਵਰਤੇ ਹਨ। ਬਹੁਤ ਸਾਰੇ ਅਲੰਕਾਰ ਪੰਜਾਬੀ ਜੀਵਨ ਵਿਚੋਂ ਲਏ ਹਨ ਜਾਂ ਜਿਵੇਂ ਉਪਰ ਦਸਿਆ ਗਿਆ ਹੈ ਪੰਜਾਬ ਦੇ ਉਸ ਵੇਲੇ ਦੇ ਰਾਜਨੀਤਿਕ ਜੀਵਨ ਵਿਚੋਂ ਲਏ ਗਏ ਹਨ।

ਯਾਰੋ ਝੂਲੀ ਹਨੇਰਡੀ ਇਸ਼ਕ ਵਾਲੀ,
ਲਹਿ ਸ਼ਰਮ ਹਯਾ ਦੀ ਪੱਗ ਗਈ।
ਖੜੀ ਵਿਚ ਤ੍ਰਿੰਞਣਾਂ ਲਟਕਦੀ ਹੈ,
ਹਾਥੀ ਫਿਰੇ ਜਿਉਂ ਮਸਤ ਨਵਾਬ ਦਾ ਜੀ,
ਉਹ ਅਸਾਂ ਦੇ ਨਾਲ ਹੈ ਚੰਨ ਬਣਦਾ,
ਅਸੀਂ ਤਾਰਿਆਂ ਵਾਂਗ ਸੁਹੰਦੀਆਂ ਹਾਂ।

ਵਾਰਿਸ਼ ਸ਼ਾਹ ਮੱਝਾਂ ਦੀਆਂ ਕਿਸਮਾਂ, ਘਾਹਾਂ, ਖਾਣਿਆਂ, ਕਪੜਿਆਂ, ਗਹਿਣਿਆਂ, ਸੱਪਾਂ, ਬੂਟੀਆਂ, ਦਵਾਈਆਂ ਤੇ ਧਰਮਾਂ ਆਦਿ ਦੇ ਸੈਕੜੇਂ ਨਾਂ ਦਸ ਸਕਦਾ ਹੈ।

ਹਾਮਦ : ਹਾਮਦ ਦਾ ਪੂਰਾ ਨਾਂ ਹਾਮਦ ਸ਼ਾਹ ਸੀ ਅਤੇ ਕੁਲ ਪਰੰਪਰਾ ਤੋਂ ਅਬਸੀ ਸੱਯਦ ਸੀ। ਪੰਜਾਬੀ ਸਾਹਿਤ ਵਿਚ ਹਾਮਦ ਦੀਆਂ ਪ੍ਰਚਲਿਤ ਪੁਸਤਕਾਂ ਜੰਗ ਹਾਮਦ, ਅਖ਼ਬਾਰ ਹਾਮਦ ਅਤੇ ਹੀਰ ਹਾਮਦ ਹਨ। ਜੰਗ ਹਾਮਦ ਉਸਨੇ ਆਪਣੇ ਜਨਮ ਬਾਰੇ ਲਿਪੀ ਹੈ ਤੇ ਉਸਨੇ ਵੀਹ ਸਾਲ ਦੀ ਉਮਰ ਵਿੱਚ ਇਸਦੀ ਰਚਨਾ ਕਰਨੀ ਸ਼ੁਰੂ ਕਰ ਦਿੱਤੀ ਸੀ। ਬਾਕੀ ਕਿਰਤਾਂ ਦਾ ਸੰਬੰਧ ਇਸਲਾਮ ਧਰਮ ਅਤੇ ਉਸਦੀ ਰਹਿਤ ਬਹਿਤ ਨਾਲ ਹੈ।

ਹੀਰ ਦੇ ਕਿੱਸਾਕਾਰਾਂ ਵਿਚ ਵੀ ਹਾਮਦ ਦਾ ਨਾਮ ਲਿਆ ਜਾਂਦਾ ਹੈ। ਉਸਨੇ 'ਹੀਰ' ਦੀ ਰਚਨਾ ਸੰਨ 1783 ਈ. ਵਿੱਚ ਸ਼ੁਰੂ ਕੀਤੀ ਅਤੇ 1805 ਈ. ਵਿੱਚ ਪੂਰੀ ਕੀਤੀ। ਕਿੱਸਾ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਹਾਮਦ ਆਪਣੇ ਤੋਂ ਪਹਿਲੇ ਹੀਰ-ਕਾਵ ਤੋਂ ਸੰਤੁਸ਼ਟ ਨਹੀਂ ਸੀ। ਜਿਵੇਂ –

ਕਿੱਸਾ ਹੀਰ ਤੇ ਰਾਂਝੇ ਦਾ ਸ਼ਾਇਰਾਂ ਨੇ, ਬਹੁਤਾ ਵਿਚ ਪੰਜਾਬ ਬਣਾਇਆ ਹੈ।
ਇਕ ਚਾਲ ਨਹੀਂ ਰੰਗਾ ਰੰਗ ਕਿੱਸਾ, ਮੂਲ ਕਥਾ ਦਾ ਅੰਤ ਨਾ ਪਾਇਆ ਹੈ।

ਅਹਿਮਦ ਹੋਰ ਕਿਹਾ ਮੁਕਬਲ ਹੋਰ ਆਖ, ਬਾਗਾ ਕਾਦਰੀ ਹੋ ਸੁਣਾਇਆ ਹੈ।
ਰਾਮਾ ਅਤੇ ਗੁਰਦਾਸ ਕੁਝ ਹੋਰ ਆਖਣ, ਸਭ ਸ਼ਾਇਰਾਂ ਜ਼ੋਰ ਲਗਾਇਆ ਹੈ।

ਹਾਮਦ ਪਹਿਲਾ ਕਵੀ ਹੈ ਜਿਸਨੇ ਆਪਣੇ ਤੋਂ ਪਹਿਲਾਂ ਹੋਏ ਹੀਰ-ਕਾਵ ਦਾ ਉਲੇਖ ਕੀਤਾ ਹੈ। ਹਾਮਦ ਆਪਣੇ ਕਿੱਸੇ ਵਿੱਚ ਕੋਈ ਨਵੀਂ ਰਮਜ਼ ਨਹੀਂ ਭਰਦਾ ਸਗੋਂ ਪਹਿਲਾ ਕਹੀ ਗੱਲ ਨੂੰ ਤਰੋੜ-ਮਰੋੜ ਕੇ ਪੇਸ਼ ਕਰਦਾ ਹੈ। ਉਸ ਕੋਲ ਇਸ ਪ੍ਰੇਮ ਕਹਾਣੀ ਦਾ ਨਾ ਕੋਈ ਨਵਾਂ ਅਰਥ ਹੈ ਤੇ ਨਾ ਹੀ ਕੋਈ ਵਿਆਖਿਆ। ਹਾਮਦ ਦੇ ਕਿੱਸੇ ਦੀ ਛੰਦਾਬੰਦੀ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਸਦੇ ਪਹਿਲਾ ਦੋ ਦੋਹੜੇ ਹਨ ਤੇ ਫਿਰ ਚਾਰ ਪੰਕਤੀਆਂ ਦਾ ਇਕ ਬੈਂਤ। ਦੋਹੜਿਆਂ ਵਿਚ ਕਵੀ ਦੀ ਅਧਿਆਤਮਕ ਭਾਵਨਾ ਉਜਾਗਰ ਹੁੰਦੀ ਹੈ ਅਤੇ ਬੈਂਤ ਉਸਦੀ ਸੰਸਾਰਿਕ ਰੁਚੀ ਦੀ ਤ੍ਰਿਪਤੀ ਕਰਦੇ ਹਨ। ਹਾਮਦ ਦੀ ਬੋਲੀ ਸਾਧਾਰਣ ਪੇਂਡੂ ਹੈ। ਡਾ. ਮੋਹਨ ਸਿੰਘ ਦੀਵਨਾ ਨੇ ਉਸਦੀ ਬੋਲੀ ਨੂੰ ਜਟਕੀ ਵੀ ਕਿਹਾ ਹੈ। ਕਿਤੇ-ਕਿੱਤੇ ਹਿੰਦਵੀ ਦਾ ਰੰਗ ਵੀ ਮਿਲਦਾ ਹੈ।

ਪਹਿਲਾ ਦੱਸੇ ਗਏ ਕਿੱਸਾਕਾਰਾਂ ਤੋਂ ਇਲਾਵਾਂ ਇਸ ਸਦੀ ਵਿਚ ਕੁਝ ਅਜਿਹੇ ਕਿੱਸਾਕਾਰ ਵੀ ਹੋਏ ਹਨ, ਜੋ ਭਾਵੇਂ ਆਪਣੀਆਂ ਰਚਨਾਵਾਂ ਦੇ ਕਾਵਿ ਗੁਣਾਂ ਕਰਕੇ ਬਹੁਤੇ ਪ੍ਰਸਿੱਧ ਨਾ ਹੋ ਸਕੇ। ਪੰਜਾਬੀ ਕਿੱਸਾ-ਕਾਰੀ ਦੇ ਵਿਕਾਸ ਕ੍ਰਮ ਵਿੱਚ ਉਹਨਾਂ ਦਾ ਇਤਿਹਾਸਕ ਮਹੱਤਵ ਹੈ। ਚਿਰਾਗ ਆਵਾਰ, ਆਡਤ ਕਵੀ, ਸਦੀਕ ਲਾਲੀ, ਸੁੰਦਰਦਾਸ ਆਰਾਮ, ਅਬਦੁਲ ਹਕੀਮ ਤੇ ਬਿਹਬਲ ਇਸ ਦੌਰ ਦੇ ਕਵੀ ਹਨ।

ਚਿਰਾਗ ਆਵਾਰ ਦਾ ਪੂਰਾ ਨਾਂ ਚਿਰਾਗਚੀਨ ਸੀ ਅਤੇ ਉਪਮਾਨ ਵਜੋਂ ਆਪਣੇ ਆਪ ਨੂੰ 'ਚਿਰਾਗ' ਲਿਖਦਾ ਸੀ। ਇਸਨੇ ਹੀਰ-ਰਾਂਝੇ ਦਾ ਕਿੱਸਾ ਲਹਿੰਦੀ ਉਪਭਾਸ਼ਾ ਵਿੱਚ ਲਿਖਿਆ। ਇਸਦੇ ਦਵੱਯੇ ਛੰਦ ਦੀ ਵਰਤੋਂ ਕਰਦੇ ਹੋਏ ਉਸ ਵੇਲੇ ਦੀਆਂ ਅਵਸਥਾਵਾਂ ਅਤੇ ਸਭਿਆਚਾਰ ਦਾ ਵਿਵਰਣ ਦਿੱਤਾ ਹੈ। ਆਡਤ ਕਵੀ ਦੇ ਜੀਵਨ ਸਬੰਧੀ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਕਵੀ ਦੀਆਂ ਦੋ ਰਚਨਾਵਾਂ ਮਿਲਦੀਆਂ ਹਨ – 'ਇਕ ਦੋਹੜੇ ਸੱਸੀ ਪੁੰਨੂੰ ਕੇ' ਜਿਸ ਵਿਚ 90 ਬੰਦ ਹਨ ਅਤੇ ਦੂਜੇ 'ਮਾਝਾਂ ਸੱਸੀ ਕੀਆ' ਜਿਸ ਵਿਚ ਕੁਲ 13 ਬੰਦ ਹਨ। ਦਮੋਦਰ ਤੋਂ ਬਾਅਦ ਆਡਤ ਨੇ ਲਹਿੰਦੀ ਵਿਚ ਕਵਿਤਾ ਲਿਖ ਕੇ ਇਸ ਉਪਭਾਸ਼ਾ ਦਾ ਗੌਰਵ ਵਧਾਇਆ ਹੈ। ਆਡਤ ਦੀਆਂ ਰਚਨਾਵਾਂ ਵਿੱਚ ਬਿਆਨ ਸਿੱਧਾ-ਸਾਦਾ ਹੈ ਅਤੇ ਜਨ-ਜੀਵਨ ਦੇ ਬਹੁਤ ਨੇੜੇ ਹੈ। ਸੰਖੇਪਤਾ ਇਸਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਹੈ। ਸਦੀਕ ਲਾਲੀ ਦਾ 'ਯੂਸਫ ਜੁਲੈਖਾ' ਦਾ ਕਿੱਸਾ ਮਿਲਦਾ ਹੈ। ਇਸ ਦਾ ਪੂਰਾ ਨਾਂ ਮੁਹੰਮਦ ਸਦੀਕ ਸੀ ਅਤੇ ਉਪਨਾਮ ਵਜੋਂ 'ਸਦੀਕ' ਹੀ ਲਿਖਦਾ ਸੀ। ਇਸ ਕਿੱਸੇ ਦਾ ਬਿਆਨ ਵਡਾ ਸੰਖੇਪ ਹੈ ਅਤੇ ਸ਼ੈਲੀ ਬੜੀ ਸਿੱਦੀ ਸਾਦੀ ਅਤੇ ਆਮ ਜੀਵਨ ਨਾਲ ਸੰਬੰਧਤ ਹੈ। ਇਸਦੀ ਬੱਲੀ ਲਹਿੰਦੀ ਰੰਗ ਵਾਲੀ ਹੈ ਅਤੇ ਅਰਬੀ ਫ਼ਾਰਸੀ ਸ਼ਬਦਾਂ ਦੀ ਭਰਮਾਰ ਹੈ।

ਸੁੰਦਰਦਾਸ ਆਰਾਮ ਦਾ ਪੂਰਾ ਨਾਮ ਸੁੰਦਰ ਦਾਸ ਅਤੇ ਆਰਾਮ ਇਸ ਦਾ ਉਪਨਾਮ ਸੀ। ਇਸਨੇ ਸੱਸੀ ਪੁੰਨੂੰ ਦਾ ਕਿੱਸਾ ਮਸਨਵੀ ਸ਼ੈਲੀ ਵਿਚ ਲਿਖਿਆ ਹੈ। ਇਸ ਰਚਨਾ ਨੂੰ ਉਸਨੇ ਪੰਜ ਭਾਗਾਂ ਵਿਚ ਵੰਡਿਆ ਹੈ ਅਤੇ ਇਸਦੇ ਅਖੀਰ ਉੱਤੇ 28 ਬੰਦਾ ਦੀ ਇਕ ਸੀਹਰਫ਼ੀ ਲਿਖੀ ਹੈ। ਇਸਦੇ ਫ਼ਾਰਸੀ ਭਾਸ਼ਾ ਵਿੱਚ ਲਿਖੇ ਕਿੱਸੇ ਵੀ ਮਿਲਦੇ ਹਨ। ਅਬੁਦੁਲ ਹਕੀਮ ਦੀ ਇਕੋ-ਇਕ ਰਚਨਾ ਯੂਸਫ ਜ਼ੁਲੇਖਾਂ ਮਿਲਦੀ ਹੈ। ਇਸ ਕਿੱਸੇ ਵਿੱਚ ਪ੍ਰਕ੍ਰਿਤੀ ਚਿਤਰਣ ਕਮਾਲ ਦਾ ਹੈ। ਇਹ ਕਿੱਸਾ ਭਾਵੇਂ ਲਹਿੰਦੀ ਵਿਚ ਲਿਖਿਆ ਹੈ ਪਰ ਇਸ ਉੱਤੇ ਅਰਬੀ ਫ਼ਾਰਸੀ ਦਾ ਅਧਿਕ ਪ੍ਰਭਾਵ ਹੈ। ਕਵੀ ਬਿਹਬਲ ਦੇ ਦੋ ਕਿੱਸੇ ਮਿਲਦੇ ਹਨ – ਇਕ 'ਰਾਂਝਾ' ਦੇ ਦੂਜਾ 'ਸੱਸੀ ਪੁੰਨੂੰ'। ਹੀਰ ਰਾਂਝਾ ਬੈਤਾਂ ਵਿਚ ਲਿਖਿਆ ਸੀਹਰਫੀ ਕਾਵਿ ਰੂਪ ਹੈ ਅਤੇ 'ਸੱਸੀ ਪੁੰਨੂੰ' ਮਸਨਵੀ ਕਾਵਿ ਰੂਪ ਹੈ। ਇਸਦੀਆਂ ਰਚਨਾਵਾਂ ਵਿੱਚ ਇਸਲਾਮ ਧਰਮ ਦਾ ਪ੍ਰਭਾਵ ਸਪੱਸ਼ਟ ਰੂਪ ਵਿਚ ਮਿਲਦਾ ਹੈ। ਇਸ ਦੀ ਕਵਿਤਾ ਵਿਚ ਭਾਵੇਂ ਸੋਜ ਤੇ ਪੀੜ ਦਾ ਵਰਨਣ ਹੈ ਪਰ ਬੋਲੀ ਸਾਦ ਮੁਰਾਦੀ ਹੈ।

ਸੋ ਉਪਰੋਕਤ ਕਿੱਸਿਆ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਾਵੇਂ ਇਸ ਕਾਲ ਵਿੱਚ ਕਾਫ਼ੀ ਕਿੱਸਿਆਂ ਦੀ ਰਚਨਾ ਹੋਈ ਪਰ ਵਧੇਰੇ ਹੀਰ ਸੰਬੰਧੀ ਕਿੱਸੇ ਲਿਖੇ ਗਏ। ਇਸ ਕਾਲ ਦੀ ਕਿੱਸਾ-ਕਾਰੀ ਉੱਤੇ ਸੂਫ਼ੀ ਭਾਵਨਾ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਮੁੱਖ ਤੌਰ ਤੇ ਇਸ ਸਮੇਂ ਕਿੱਸਾਕਾਰਾਂ ਨੇ ਬੈਂਤ ਛੰਦ ਨੂੰ ਅਪਣਾਇਆ ਹੈ। ਲਹਿੰਦੀ ਦੇ ਪ੍ਰਭਾਵ ਦੇ ਨਾਲ-ਨਾਲ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵੀ ਮਿਲਦੀ ਹੈ। ਕਿੱਸਾਕਾਰੀ ਵਜੋਂ ਇਹ ਕਾਲ ਮਹੱਤਵਪੂਰਣ ਸਥਾਨ ਰੱਖਦਾ ਹੈ।

---

1. ਨੀਵੇਂ, ਛੋਟੇ, ਨੀਚ 2. ਇਕੱਠੇ (ਇਥੇ ਕਚਹਿਰੀ ਲਾਉਣਾ ਭੀ ਹੈ) 3. ਇਨਸਾਫ, ਨਿਆਂ 4. ਪੈਦਲ 5. ਘੋੜੇ 6. ਖੋਤੇ, ਗਧੇ
7. ਉਤੋਂ ਦੀ ਪੈਣਾ ਜਾਂ ਭਾਰ ਹੋਣਾ 8. ਦਿੱਲੀ ਨਿਵਾਸ।

(1701 ਤੋਂ 1800 ਈ. ਤੱਕ ਦੀ ਵੀਰ ਕਾਵਿ ਧਾਰਾ)

ਪੰਜਾਬ ਦੀ ਭੂਗੋਲਿਕ ਸਥਿਤੀ ਹੀ ਅਜਿਹੀ ਸੀ ਕਿ ਇਹ ਸਦਾ ਹੀ ਮੁਸਲਮਾਨ ਹਮਲਾਵਰਾਂ ਦੇ ਰਸਤੇ ਵਿਚ ਪੈਂਦਾ ਸੀ। ਇਸ ਲਈ ਇਥੇ ਦੇ ਲੋਕਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਹਨਾਂ ਲੋਕਾਂ ਦੀ ਵੀਰ ਭਾਵਨਾ ਨੂੰ ਸੁਚੱਜੇ ਰੂਪ ਵਿਚ ਜਮਾਈ ਰੱਖਣ ਲਈ ਵੀਰ ਰਸੀ ਸਾਹਿਤ ਦੀ ਭਰਪੂਰ ਰਚਨਾ ਹੋਈ ਅਤੇ ਇਸਦਾ ਪ੍ਰਮੁੱਖ ਕਾਵਿ-ਰੂਪ 'ਵਾਰ' ਹੋਂਦ ਵਿਚ ਆਇਆ। ਵੀਰ ਰਸ ਦੇ ਸੁੰਦਰ ਅਤੇ ਢੁਕਵੇਂ ਪ੍ਰਗਟਾਵੇ ਲਈ ਵਾਰ ਪੰਜਾਬੀ ਸਾਹਿਤ ਦਾ ਇਕ ਪ੍ਰਭਾਵਸ਼ਾਲੀ ਕਾਵਿ ਰੂਪ ਹੈ। ਅਠਾਰ੍ਹਵੀ ਸਦੀ ਵਿਚ ਅਨੇਕ ਪ੍ਰਕਾਰ ਦੀਆਂ ਵਾਰਾਂ ਲਿਖੀਆਂ ਗਈਆਂ ਜਿਵੇਂ ਵਾਰ ਭੇੜੇ ਕੀ ਪਾਤਸ਼ਾਹੀ 10, ਲਵ ਕੁਸ਼ ਦੀ ਵਾਰ, ਕਾਨ੍ਹ ਭਗਵਾਨ ਦੀ ਵਾਰ, ਵਾਰ ਪਾਤਿਸ਼ਾਹੀ ਦਸਵੀ ਕੀ, ਗੁਰੂ ਗੋਬਿੰਦ ਸਿੰਘ ਜੀ ਦੀ ਵਾਰ, ਸਰਬਲੋਹ ਦੀ ਵਾਰ, ਵਾਰ ਨਾਦਰਸ਼ਾਹ, ਚੱਠਿਆ ਦੀ ਵਾਰ, ਚੌਧਰੀਆਂ ਦੀ ਵਾਰ, ਵਾਰ ਹਕੀਕਤ ਰਾਇ, ਵਾਰ ਸ੍ਰੀ ਰਾਮ ਚੰਦਰ ਜੀ ਕੀ ਅਤੇ ਵਾਰਾ ਰਾਜਾ ਅਮਰ ਸਿੰਘ ਜੀ। ਇਸ ਤੋਂ ਇਲਾਵਾ ਇਸ ਕਾਲ ਵਿਚ ਰਚੇ ਗਏ ਜੰਗਨਾਮੇ ਵੀ ਮਿਲਦੇ ਹਨ। ਇਸ ਦੌਰ ਦੇ ਜੰਗਨਾਮਿਆਂ ਦੀ ਰਚਨਾ ਮੁਕਬਲ, ਹਾਮਦ, ਮੌਲਵੀ ਰੁਕਨਦੀਨ ਆਦਿ ਨੇ ਕੀਤੀ। ਇਹਨਾਂ ਜੰਗਨਾਮਿਆਂ ਵਿਚ ਇਮਾਮ ਹੁਸੈਨ ਦੀ ਸ਼ਹਾਦਤ ਨੂੰ ਉਭਾਰਿਆ ਗਿਆ ਹੈ।

ਵਾਰ ਅਤੇ ਜੰਗਨਾਮੇ ਬਾਰੇ ਵਿਸਥਾਰ ਸਹਿਤ ਚਰਚਾ ਕਰਨ ਤੋਂ ਪਹਿਲਾਂ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਇਹਨਾਂ ਦੋਹਾਂ ਰੂਪਾਂ ਦੀ ਪ੍ਰਕਿਰਤੀ ਕੀ ਹੈ। ਵਾਰ ਪੰਜਾਬੀ ਸਾਹਿਤ ਦਾ ਪ੍ਰਭਾਵਸ਼ਾਲੀ ਕਾਵਿ-ਰੂਪ ਹੈ। ਵੀਰ ਰਸ ਕਾਲ ਭਰਪੂਰ ਇਸ ਰੂਪ ਵਿਚ ਜੰਗਾਂ, ਯੁੱਧਾਂ ਜਾਂ ਹੋਰ ਘਟਨਾਵਾਂ ਦਾ ਬਿਆਨ ਹੁੰਦਾ ਹੈ ਜਿਹੜੀਆਂ ਪਹਿਲੇ ਸਮਿਆਂ ਵਿੱਚ ਵਾਪਰ ਚੁੱਕੀਆਂ ਹੁੰਦੀਆਂ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ, ''ਵਾਰ ਉਸ ਕਾਵਿ-ਵਾਰਤਾ ਨੂੰ ਕਹਿੰਦੇ ਹਨ ਜਿਸ ਵਿਚ ਨਾਇਕ ਦੀ ਪ੍ਰਸ਼ੰਸ਼ਾ ਯੁੱਧ ਦੇ ਪ੍ਰਸੰਗ ਵਿੱਚ ਕੀਤੀ ਗਈ ਹੋਵੇ ਅਤੇ ਨਾਇਕ-ਪ੍ਰਤਿਨਾਇਕ ਦੀ ਟੱਕਰ ਦਾ ਵਰਣਨ ਉਤਸ਼ਾਹ ਵਧਾਉਣ ਵਾਲੀ ਸ਼ੈਲੀ ਵਿਚ ਕੀਤਾ ਗਿਆ ਹੋਵੇ। ਇਹ ਟੱਕਰ ਸੂਖਮ ਜਾਂ ਸਥੂਲ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ। ਯੁੱਧ ਸੰਬੰਧੀ ਲਿਖੀਆਂ ਵਾਰਾਂ ਵਿਚ ਇਹ ਟੱਕਰ ਸਥੂਲ ਹੁੰਦੀ ਹੈ ਅਤੇ ਅਧਿਆਤਮਕ ਵਾਰਾਂ ਵਿਚ ਇਸਦਾ ਸਰੂਪ ਸੂਖਮ ਹੁੰਦਾ ਹੈ। ਉਦਾਹਰਣ ਲਈ 'ਚੰਡੀ ਦੀ ਵਾਰ' ਵਿਚ ਟੱਕਰ ਦਾ ਸਰੂਪ ਸਥੂਲ ਹੈ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਟੱਕਰ ਦਾ ਸਰੂਪ ਸੂਖਮ ਹੈ।'' ਸੋ ਵਾਰਾਂ ਦੇ ਇਤਿਹਾਸ ਤੇ ਨਜ਼ਰ ਮਾਰਨ ਤੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬੀਰ ਰਸੀ ਵਾਰਾਂ ਦੇ ਨਾਲ-ਨਾਲ ਗੁਰਮਤਿ ਦੀਆਂ ਸ਼ਾਂਤ ਰਸੀ ਵਾਰਾਂ ਵੀ ਹਨ।

ਵਾਰ ਦਾ ਆਰੰਭ ਮੰਗਲਾਚਰਣ ਨਾਲ ਹੁੰਦਾ ਹੈ। ਇਸ ਤੋਂ ਉਪਰੰਤ ਜੰਗ ਯੁੱਧ ਬਾਰੇ ਬਿਆਨ ਹੁੰਦਾ ਹੈ। ਜੰਗ ਬਾਰੇ ਬਿਆਨ ਕਰਦੇ ਹੋਏ ਇਸਦੇ ਜੰਗ ਕਾਰਨਾਂ ਨੂੰ ਵੀ ਬਿਆਨ ਕੀਤਾ ਜਾਂਦਾ ਹੈ। ਵਾਰ ਵਿਚ ਪਾਤਰਾਂ ਦੀ ਗਿਣਤੀ ਭਾਵੇਂ ਜ਼ਿਆਦਾ ਵੀ ਹੋਵੇ ਪਰ ਪ੍ਰਮੁੱਖਤਾ ਦਾ ਨਾਇਕ ਤੇ ਪ੍ਰਤਿਨਾਇਕ ਨੂੰ ਹੀ ਮਿਲਦੀ ਹੈ। ਦੋਹਾਂ ਧਿਰਾਂ (ਨਾਇਕ ਤੇ ਪ੍ਰਤਿਨਾਇਕ) ਦੇ ਤਣਾਉ ਅਤੇ ਸੰਘਰਸ਼ ਵਿਚੋਂ ਹੀ ਨਾਇਕ ਨਾਇਕਤਵ ਨੂੰ ਉਘਾੜਿਆਂ ਜਾਂਦਾ ਹੈ। ਵਾਰ ਦਾ ਅਨਿੱਖੜ ਅੰਗ ਇਸਦਾ ਪਉੜੀ ਛੰਦ ਹੈ। ਪਾਉੜੀ ਦੇ ਦੋ ਭੇਦ ਹਨ - ਸਿਰਖੰਡੀ ਤੇ ਨਿਸ਼ਾਨੀ। ਇਸ ਲਈ ਵਾਰ ਵਿੱਚ ਸਿਰਖੰਡੀ ਤੇ ਨਿਸ਼ਾਨੀ ਦੋਵਾਂ ਨੂੰ ਹੀ ਵਰਤਿਆ ਜਾਂਦਾ ਹੈ। ਵਾਰ ਦੀ ਭਾਸ਼ਾ ਸਰਲ ਹੋਣ ਦੇ ਬਾਵਜੂਦ ਅਜਿਹੇ ਅਲੰਕਾਰ ਵਰਤੇ ਜਾਂਦੇ ਹਨ ਜੋ ਲੋਕਾਂ ਵਿਚ ਜੋਸ਼ ਦੀ ਪ੍ਰਕਿਰਿਆ ਪੈਦਾ ਕਰ ਸਕਣ। ਅਧਿਆਤਮਕ ਵਾਰਾਂ ਵਿੱਚ ਇਸ਼ਟ ਜਾਂ ਪਰਮਾਤਮਾ ਦੀ ਉਸਤਤ ਹੁੰਦੀ ਹੈ। ਜੰਗ-ਯੁੱਧ ਦੇ ਮਾਹੌਲ ਕਰਕੇ ਹੀ ਵਾਰ ਵਿਚ ਬੀਰ ਦੀ ਵਰਤੋਂ ਹੁੰਦੀ ਹੈ। ਉਪਰੋਕਤ ਗੁਣ ਵੀਰ-ਰਸੀ ਵਾਰਾਂ ਦੇ ਹਨ। ਸੰਘਰਸ਼ ਕੇਵਲ ਨੇਕੀ-ਬਦੀ ਦੀ ਟੱਕਰ ਵਿਚ ਹੈ। ਇਸ ਪ੍ਰਕਾਰ ਦੀਆਂ 22 ਵਾਰਾਂ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਅਧਿਆਤਮਕ ਖੇਤਰ ਦੀਆਂ ਵਾਰਾ ਵਿਚ ਭਾਈ ਗੁਰਦਾਸ ਦੀਆਂ 40 ਵਾਰਾਂ ਦਾ ਮਹੱਤਵਪੂਰਨ ਸਥਾਨ ਹੈ ਜਿਹਨਾਂ ਵਿਚ ਨੇਕੀ ਅਤੇ ਬਦੀ ਦੇ ਸੰਘਰਸ਼ ਤੋਂ ਇਲਾਵਾ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ।

ਜੰਗਨਾਮਾ :-

ਜੰਗਨਾਮਾ ਵੀ ਵਾਰ ਦੀ ਤਰ੍ਹਾਂ ਕਵਿਤਾ ਦਾ ਬਹੁਤ ਨੇੜਲਾ ਰੂਪ ਹੈ। ਅਸਲ ਵਿੱਚ ਇਹ ਫਾਰਸੀ ਪ੍ਰਧਾਨ ਸ਼ੈਲੀ ਵਾਲਾ ਪੰਜਾਬੀ ਕਾਵਿ ਰੂਪ ਹੈ। ਪੰਜਾਬੀ ਜੰਗਨਾਮੇ ਜ਼ਿਆਦਾਤਰ ਇਮਾਮ ਹੁਸੈਨ (ਹਜ਼ਰਤ ਮੁਹੰਮਦ ਦੇ ਦੋਹਤੇ) ਦੇ ਯੁੱਧ ਅਤੇ ਸ਼ਹਾਦਤ ਨਾਲ ਸੰਬੰਧਤ ਹਨ। ਸ਼ੁਰੂਆਤੀ ਦੌਰ ਵਿੱਚ ਮੁਸਲਮਾਨ ਕਵੀਆਂ ਨੇ ਇਮਾਮ ਹੁਸੈਨ ਦੇ ਕਰਬਲਾ ਵਾਲੇ ਸਾਕੇ ਨੂੰ ਹੀ ਆਪਣੇ ਚਿਤ੍ਰਣ ਦਾ ਆਧਾਰ ਬਣਾਇਆ। ਬਾਦ ਦੇ ਹਿੰਦੂ ਅਤੇ ਸਿੱਖ ਕਵੀਆਂ ਨੇ ਵੀ ਸਿੱਖ ਇਤਿਹਾਸ ਨਾਲ ਸੰਬੰਧਤ ਯੁੱਧ ਸੰਬੰਧੀ ਘਟਨਾਵਾਂ ਨੂੰ ਜੰਗਨਾਮੇ ਲਿਖਣ ਲਈ ਵਰਤਿਆ। ਜੰਗਨਾਮਾ ਸ਼ਾਹ ਮੁਹੰਮਦ ਕ੍ਰਿਤ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਇਸ ਦੀ ਉਤਮ ਮਿਸਾਲ ਹੈ।

ਜੰਗਨਾਮੇ ਦਾ ਸਭ ਤੋਂ ਮਹੱਤਵਪੂਰਣ ਤੱਤ ਹੈ ਇਸ ਵਿਚਲੀ ਘਟਨਾ ਦਾ ਇਤਿਹਾਸਕ ਹੋਣਾ ਹੈ। ਜੰਗਨਾਮੇ ਵਿੱਚ ਕਾਲਪਨਿਕ ਘਟਨਾ ਦੀ ਕੋਈ ਥਾਂ ਨਹੀਂ, ਇਸ ਵਿੱਚ ਮੁੱਖ ਪਾਤਰ ਦੇ ਨਾਲ-ਨਾਲ ਬਾਕੀ ਪਾਤਰਾਂ ਦਾ ਵੀ ਚਿਤਰਣ ਕੀਤਾ ਜਾਂਦਾ ਹੈ। ਇਸ ਦਾ ਸੰਬੰਧ ਇਮਾਮ ਹੁਸੈਨ ਦੀ ਸ਼ਹਾਦਤ ਨਾਲ ਸੰਬੰਧਤ ਹੋਣ ਕਰਕੇ ਕਰੁਣਾ ਰਸ ਇਸਦਾ ਪ੍ਰਮੁੱਖ ਰਸ ਹੈ। ਛੰਦ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਬੈਂਤ, ਸਵੈਯਾ, ਕੁੰਡਲੀਆਂ, ਦੋਹਿਰਾ, ਡਿਉਢ ਆਦਿ ਕੋਈ ਵੀ ਛੰਦ ਵਰਤਿਆ ਜਾ ਸਕਦਾ ਹੈ।

ਕਈ ਵਾਰ 'ਵਾਰ' ਤੇ 'ਜੰਗਨਾਮਾ' ਨੂੰ ਇਕੋ ਹੀ ਗਿਣ ਲਿਆ ਜਾਂਦਾ ਹੈ ਪਰ ਡਾ. ਰਤਨ ਸਿੰਘ ਜੱਗੀ ਨੇ 'ਸਾਹਿਤ ਕੋਸ਼' ਵਿਚ ਇਹਨਾਂ ਦਾ ਜੋ ਅੰਤਰ ਦੱਸਿਆ ਹੈ, ਉਹ ਬਿਆਨ ਯੋਗ ਹੈ :-

1. ਜੰਗਨਾਮੇ ਵਿੱਚ ਕੋਈ ਵਾਸਤਵਿਕ ਘਟਨਾ ਦਾ ਹੀ ਬਿਆਨ ਹੁੰਦਾ ਹੈ ਪਰ ਵਾਰ ਕਾਲਪਨਿਕ ਘਟਨਾਵਾਂ ਉਤੇ ਵੀ ਲਿਖੀ ਜਾ ਸਕਦੀ ਹੈ ਜਿਵੇਂ 'ਚੰਡੀ ਦੀ ਵਾਰ'। ਇਥੋਂ ਇਹ ਵੀ ਨਤੀਜਾ ਨਿਕਲਦਾ ਹੈ ਕਿ ਜੰਗਨਾਮੇ ਦੇ ਪਾਤਰ ਲਹੂ ਮਾਸ ਦੇ ਵਾਸਤਵਿਕ ਮਨੁੱਖ ਹੁੰਦੇ ਹਨ ਪਰ ਵਾਰ ਵਿਚ ਇਹ ਮਿਥਿਹਾਸਕ ਵੀ ਲਏ ਜਾਂਦੇ ਹਨ ਜਿਵੇਂ ਦੁਰਗਾ, ਸੁੰਭ, ਨਿਸੁੰਭ, ਧੁਮਰ ਨੈਣ, ਕਲਾ, ਨਾਰਦ ਆਦਿ।
2. ਵਾਰ ਦਾ ਮੁੱਖ ਮੰਤਵ ਕਿਸੇ ਨਾਇਕ ਦਾ ਜਸ ਗਾਉਣਾ ਹੁੰਦਾ ਹੈ ਜੰਗਨਾਮੇ ਵਿਚ ਨਾਇਕ ਦੇ ਨਾਲ ਬਾਕੀ ਪਾਤਰਾਂ ਨੂੰ ਵੀ ਪੂਰੀ ਮਹੱਤਤਾ ਪ੍ਰਾਪਤ ਹੁੰਦੀ ਹੈ।
3. ਜੰਗਨਾਮੇ ਵਿਚ ਇਤਿਹਾਸਕ ਪੱਖ ਦਾ ਖਾਸ ਧਿਆਨ ਰਖਿਆ ਜਾਂਦਾ ਹੈ ਜਿਵੇਂ ਲੜਾਈ ਦਾ ਸਮਾਨ, ਹਥਿਆਰ ਦਾ ਵਰਣਨ ਆਦਿ। ਪਰ ਵਾਰ ਵਿੱਚ ਇਹਨਾਂ ਗੱਲਾਂ ਵੱਲ ਧਿਆਨ ਰੱਖਣ ਦੀ ਕੋਈ ਪਾਬੰਦੀ ਨਹੀਂ। ਕਵੀ ਕੇਵਲ ਅਜਿਹੀਆ ਘਟਨਾਵਾਂ ਹੀ ਬਿਆਨ ਕੀਤੀਆਂ ਜਾਂਦੀਆਂ ਹਨ ਜਿਸ ਵਿਚ ਨਾਇਕ ਦਾ ਪੱਲੜਾ ਭਾਰੀ ਰਹਿੰਦਾ ਹੈ।
4. ਜੰਗਨਾਮੇ ਦਾ ਨਾਇਕ ਆਮ ਤੌਰ ਤੇ ਹਾਰਦਾ ਅਤੇ ਵਾਰ ਦਾ ਨਾਇਕ ਵਧੇਰੇ ਤੌਰ ਤੇ ਜਿੱਤਦਾ ਹੈ।
5. ਜੰਗਨਾਮੇ ਵਧੇਰੇ ਤੌਰ ਤੇ ਮੁਸਲਮਾਨ ਸ਼ਾਇਰਾਂ ਨੇ ਲਿਖੇ ਹਨ ਅਤੇ ਵਾਰਾਂ ਦੇ ਵਧੇਰੇ ਕਰਤਾ ਹਿੰਦੂ-ਸਿੱਖ ਕਵੀ ਹਨ। ਇਸ ਲਈ ਜੰਗਨਾਮਿਆਂ ਦੀ ਸ਼ਬਦਾਵਲੀ ਵਿੱਚ ਅਰਬੀ ਫਾਰਸੀ ਦੇ ਸ਼ਬਦ ਵਧੇਰੇ ਹਨ ਅਤੇ ਵਾਰਾਂ ਵਿੱਚ ਹਿੰਦੀ ਸੰਸਕ੍ਰਿਤ ਦੇ।

(ਪੰਜਾਬੀ ਵਾਰ ਕਾਵਿ ਇਤਿਹਾਸ, ਪੰਨਾ 194-195)

ਵਾਰ :

ਇਸ ਦੌਰ ਦੀਆਂ ਵਾਰਾਂ ਵਿਚੋਂ **ਵਾਰ ਭੇੜੇ ਕੀ ਪਾਤਿਸ਼ਾਹੀ** ਕਿਸੇ ਅਗਿਆਤ ਸ਼ਰਧਾਲੂ ਦੁਆਰਾ ਲਿਖੀ ਹੋਈ ਮਿਲਦੀ ਹੈ। ਇਹ ਵਾਰ ਦਾ ਵੇਰਵਾ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਵਿਚਲੇ ਅੰਤਿਮ ਯੁੱਧ ਦਾ ਹੈ। ਇਸ ਲਈ ਇਸਨੂੰ 'ਗੁਰੂ ਗੋਬਿੰਦ ਸਿੰਘ ਜੀ ਦੀ ਵਾਰ' ਵੀ ਕਿਹਾ ਜਾਂਦਾ ਹੈ। ਇਸ ਵਾਰ ਦੀ ਸ਼ੁਰੂਆਤ ਵਿੱਚ ਕਰਤਾ ਪੁਰਖ ਦੀ ਅਰਾਧਨਾ ਤੇ ਮੰਗਲ ਕਾਲ ਹੁੰਦਾ ਹੈ। ਇਸ ਉਪਰੰਤ ਪਹਾੜੀ ਰਾਜਿਆਂ ਦੇ ਹੰਕਾਰ ਦੇ ਚਿਤਰਣ ਕਰਕੇ ਉਹਨਾਂ ਵਲੋਂ ਗੁਰੂ ਸਾਹਿਬ ਨੂੰ ਈਨ ਮਨਵਾਉਣ ਦਾ ਜ਼ਿਕਰ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਬੜੀ ਬੇਪਰਵਾਹੀ ਨਾਲ ਰਾਜਿਆਂ ਦੀ ਮੰਗ ਨੂੰ ਠੁਕਰਾ ਕੇ ਯੁੱਧ ਦੀ ਤਿਆਰੀ ਕਰਦੇ ਹਨ। ਇਸ ਵਾਰ ਵਿਚ 24 ਪਉੜੀਆਂ ਮਿਲਦੀਆਂ ਹਨ ਅਤੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਹਨਾਂ ਤੋਂ ਯੁੱਧ ਖੇਤਰ ਦੀਆਂ ਧੁਨੀਆਂ ਦੀ ਗੂੰਜ ਸੁਣਾਈ ਦੇਵੇ।

ਇਸ ਦੌਰ ਵਿਚ **ਲਵ ਕੁਸ਼** ਦੀਆਂ ਦੋ ਵਾਰਾਂ ਮਿਲਦੀਆਂ ਹਨ। ਇਕ ਦਾ ਕਰਤਾ ਹੈ ਜਸੋਧਾ ਨੰਦਨ ਤੇ ਦੂਸਰਾ

ਦੇਵੀ ਦਾਸ। ਜਸੋਧਾ ਨੰਦਨ ਦੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਵਾਰ ਦੀ ਰਚਨਾ ਕਦੋਂ ਹੋਈ, ਇਸ ਬਾਰੇ ਅਨੁਮਾਨ ਇਸਦੀ ਬੋਲੀ ਤੋਂ ਲਗਾਇਆ ਜਾਂਦਾ ਹੈ ਕਿ ਇਹ 18ਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਹੈ। ਇਸ ਵਾਰ ਦੀ ਵਿਲੱਖਣਤਾ ਇਹ ਹੈ ਕਿ ਲਹਿੰਦੀ ਵਿੱਚ ਲਿਖੀ ਗਈ ਪੰਜਾਬੀ ਦੀ ਇਹ ਪਹਿਲੀ ਵਾਰ ਹੈ। ਇਸ ਵਿਚ ਸ੍ਰੀ ਰਾਮ ਦੁਆਰਾ ਸੀਤਾ ਨੂੰ ਤਿਆਗਣ ਤੋਂ ਬਾਦ ਦਾ ਪ੍ਰਸੰਗ ਚਿਤਰਿਆ ਹੈ। ਤਿਆਗੇ ਜਾਣ ਤੋਂ ਬਾਅਦ ਸੀਤਾ ਦਾ ਬਾਲਮੀਕ ਦੇ ਆਸ਼ਰਮ ਵਿਚ ਪਹੁੰਚਣਾ, ਲਵ ਕੁਸ਼ ਦਾ ਜਨਮ ਹੋਣਾ, ਸ੍ਰੀ ਰਾਮ ਚੰਦਰ ਦਾ ਅਸ਼ਵ-ਮੇਧ ਯੱਗ ਕਰਨਾ ਅਤੇ ਯੱਗ ਦਾ ਘੋੜਾ ਫੜਨਾ ਆਦਿ ਘਟਨਾਵਾਂ ਦਾ ਵਰਨਣ ਹੈ।

ਇਸ ਵਾਰ ਦੀਆਂ ਕੁਲ 88 ਪਉੜੀਆਂ ਹਨ। ਪਹਿਲੀ ਪਉੜੀ ਵਿੱਚ ਮੰਗਲਾਚਰਣ ਹੈ ਅਤੇ ਅੰਤਲੀ ਪਉੜੀ ਵਿਚ ਵਾਰ ਦਾ ਮਹਾਤਮ ਲਿਖਿਆ ਹੈ। ਕਵੀ ਇਸ ਵਾਰ ਲਈ ਪਉੜੀ ਛੰਦ ਦੀ ਵਰਤੋਂ ਕਰਦਾ ਹੈ ਅਤੇ ਉਸਦੇ ਦੋਹਾਂ ਰੂਪਾਂ ਸਿਰਖੰਡੀ ਅਤੇ ਨਿਸ਼ਾਨੀ ਛੰਦ ਨੂੰ ਨਿਭਾਉਂਦਾ ਹੈ। ਯੁੱਧ ਦਾ ਵਰਨਣ ਕਰਦੇ ਹੋਏ ਵੀਰ ਰਸ ਦਾ ਬਹੁਤ ਸੁੰਦਰ ਵਾਤਾਵਰਣ ਬੰਨਿਆ ਹੈ। ਵੀਰ ਰਸ ਦੇ ਕਾਲ ਨਾਲ ਰੌਦਰ ਰਸ, ਭਿਆਨਕ ਰਸ ਦਾ ਚਿਤਰਣ ਵੀ ਮਿਲਦਾ ਹੈ। ਜਿਵੇਂ :-

ਆਖੇ, ਮੁਰਦੇ ਜੋੜਾਂ, ਸੂਰੇ ਮਾਰਿ ਕਰਿ।
ਹਾਥੀ ਮਾਰਿ ਵਿਕੋੜਾਂ ਜਿਉ ਝਖੜ ਬਦਲਾਂ।
ਸਬਰਾਂ ਦੇ ਸਿਰ ਤੋੜਾਂ, ਜਿਉਂ ਫਲ ਕੱਕੜੀ।
ਘੋੜੇ ਦਬਕਿ ਦਬੋੜਾਂ, ਭੁਇ ਵਿਚ ਪੂਰਿ ਕਰ।

(ਪੰਜਾਬੀ ਸਾਹਿਤ ਦਾ ਇਤਿਹਾਸ - ਪੰਨਾ 40)

'ਦੇਵੀਦਾਸ ਦੀ ਲਵ ਕੁਸ਼ ਦੀ ਵਾਰ' ਕਦੋਂ ਲਿਖੀ ਇਸਦਾ ਠੀਕ ਅਨੁਮਾਨ ਨਹੀਂ ਲੱਗਦਾ ਪਰ ਵਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸਨੇ ਇਹ ਜਸੋਧਾ ਨੰਦਨ ਤੋਂ ਪਿਛੋਂ ਲਿਖੀ ਅਤੇ ਇਕ ਵਾਰ ਉਤੇ ਜਸੋਧਾ ਨੰਦਨ ਦੀ ਵਾਰ ਦਾ ਪ੍ਰਭਾਵ ਹੈ। ਬੋਲੀ ਦੇ ਪੱਖੋਂ ਇਹ ਕਾਫ਼ੀ ਪੁਰਾਤਨ ਸਿੱਧ ਹੁੰਦੀ ਹੈ ਅਤੇ ਪਉੜੀਆਂ ਤੋਂ ਪਹਿਲਾਂ ਆਏ ਦੋਹਰੇ ਜਾਂ ਸੋਰਠੇ ਦੀ ਵਰਤੋਂ ਨੂੰ ਵੇਖ ਕੇ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਪਉੜੀਆਂ ਦੇ ਨਾਲ ਸ਼ਲੋਕਾਂ ਨੂੰ ਜੋੜਨ ਦੀ ਵਿਧੀ ਤੋਂ ਬਾਅਦ ਹੋਈ। ਇਸ ਵਾਰ ਵਿੱਚ ਯੁੱਧ ਵਰਨਣ ਦਾ ਲਗਭਗ ਅਭਾਵ ਹੈ।

'ਤੇਜਭਾਨ ਦੀ ਕਾਨ੍ਹ ਭਗਵਾਨ ਦੀ ਵਾਰ' ਕਦੋਂ ਲਿਖੀ ਗਈ, ਇਸ ਦੇ ਰਚਨਾ-ਕਾਲ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸਦੀ ਬੋਲੀ ਤੇ ਲਿਖਣ ਸ਼ੈਲੀ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਵਾਰ ਸਤ੍ਹਾਰਵੀਂ ਸਦੀ ਦੇ ਅੰਤ ਦੀ ਜਾਂ ਅਠ੍ਹਾਰਵੀਂ ਸਦੀ ਦੇ ਮੁੱਢ ਦੀ ਰਚਨਾ ਹੈ। ਤੇਜਭਾਨ ਨੇ ਇਸ ਵਾਰ ਵਿਚ ਕ੍ਰਿਸ਼ਨ ਨਾਲ ਸੰਬੰਧਤ ਕੁਝ ਘਟਨਾਵਾਂ ਨੂੰ ਬਿਆਨ ਕੀਤਾ ਹੈ। ਕ੍ਰਿਸ਼ਨ ਦੇ ਮਾਮੇ ਕੰਸ਼ ਨੂੰ ਜੋਤਸ਼ੀਆਂ ਨੇ ਦੱਸਿਆ ਕਿ ਤੇਰੀ ਭੈਣ ਦੇਵਕੀ ਜਿਸ ਬੱਚੇ ਨੂੰ ਜਨਮ ਦਏਗੀ, ਤੇਰੀ ਮੌਤ ਉਸ ਦੇ ਹੱਥੋਂ ਹੋਵੇਗੀ। ਕੰਸ਼ ਨੇ ਇਹ ਹੁਕਮ ਦਿੱਤਾ ਕਿ ਦੇਵਕੀ ਦੀ ਕੁੱਖ ਤੋਂ ਜਦੋਂ ਵੀ ਬੱਚਾ ਜਨਮ ਲਵੇ ਉਸਨੂੰ ਮਾਰ ਦਿੱਤਾ ਜਾਵੇ। ਭਾਵੇਂ ਕੰਸ਼ ਇਉਂ ਆਪਣੀ ਭੈਣ ਦੇ ਸੱਤ ਪੁੱਤਰਾਂ ਨੂੰ ਮਰਵਾ ਦਿੱਤਾ। ਇਸ ਬਾਰ ਦੇਵਕੀ ਨੇ ਆਪਣੀ ਸਹੇਲੀ ਨੂੰ ਆਪਣਾ ਪੁੱਤਰ ਦੇ ਦਿੱਤਾ ਅਤੇ ਉਸਦੀ ਧੀ ਨੂੰ ਆਪ ਲੈ ਲਿਆ। ਅਖੀਰ ਵਿਚ ਏਸ ਪੁੱਤਰ ਨੇ ਹੀ ਆਪਣੇ ਮਾਮੇ ਨੂੰ ਵੰਗਾਰਿਆ ਤੇ ਉਸਨੂੰ ਮਾਰ ਦਿੱਤਾ। ਇਸ ਵਾਰ ਦੀ ਬੋਲੀ ਭਾਵੇਂ ਸਰਲ ਪੰਜਾਬੀ ਹੈ ਪਰ ਇਸ ਵਾਰ ਦੀ ਕਥਾ ਦਾ ਸੋਮਾ ਬ੍ਰਜ ਭਾਸ਼ਾ ਸਾਹਿਤ ਦਾ ਹੈ।

ਇਸ ਦੌਰ ਦੀ ਅਗਲੀ ਵਾਰ ਕਵੀ ਗੁਰਦਾਸ ਸਿੰਘ ਦੀ **'ਵਾਰ ਪਾਤਿਸ਼ਾਹੀ ਦਸਵੀਂ ਕੀ'** ਮਿਲਦੀ ਹੈ। ਭਾਈ ਗੁਰਦਾਸ ਸਿੰਘ ਦੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਵਾਰ ਦੇ ਵਰਣਨ ਵਿਸ਼ੇ ਦੇ ਆਧਾਰ ਤੇ ਵਿਦਵਾਨ ਇਹ ਅਨੁਮਾਨ ਲਗਾਉਂਦੇ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਜਾਂ ਸਿੱਖ ਸੀ ਜਿਸਨੇ ਖਾਲਸਾ ਸਾਜਣ ਦੀ ਇਤਿਹਾਸ ਪ੍ਰਸਿੱਧ ਘਟਨਾ ਅੱਖੀ ਵੇਖ ਕੇ ਉਸਦਾ ਵਰਣਨ ਆਪਣੀ ਵਾਰ ਵਿੱਚ ਕੀਤਾ। ਇਸ ਕਾਲ ਦੀ ਅਸਲ ਵਾਰ **ਗੁਰੂ ਗੋਬਿੰਦ ਸਿੰਘ ਜੀ ਦੀ ਵਾਰ ਹੈ।** ਇਸ ਵਾਰ ਨੂੰ 'ਵਾਰ ਭੇਜੇ ਕੀ ਪਾਤਿਸ਼ਾਹੀ ੧੦' ਅਤੇ 'ਦਸਵੇਂ ਗੁਰੂ ਦੇ ਜੰਗ ਜੁੱਧ ਦੀ ਵਾਰ' ਵੀ ਕਿਹਾ ਜਾਂਦਾ ਹੈ। ਇਸ ਦੇ ਰਚਨਾਕਾਰ ਅਤੇ ਰਚਨਾਕਾਲ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਬੰਦਾ ਬਹਾਦਰ ਦੀ ਚੜ੍ਹਤਲ ਦਾ ਵਰਨਣ ਵੇਖ ਕੇ ਇੰਜ ਲੱਗਦਾ ਹੈ ਕਿ ਇਸਦੀ ਰਚਨਾ 1704 ਈ. ਅਤੇ ਬੰਦਾ ਬਹਾਦਰ ਦੇ ਯੁੱਧਾਂ ਤੋਂ ਬਾਅਦ ਹੀ ਹੋਈ ਹੋਵੇਗੀ। ਇਸ ਵਾਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦਾ

ਬੜਾ ਰੋਚਕ ਤੇ ਪ੍ਰਭਾਵਸ਼ਾਲੀ ਵਰਣਨ ਹੈ। ਜਿਵੇਂ :-

ਰਣ ਨੂੰ ਚਲੇ ਜੁਝਾਰ ਸਿੰਘ, ਜੂਝਣ ਦੇ ਚਾਏ।
ਸੂਰਾ ਕੋਇ ਨਾ ਦਿਸਦਾ, ਜਿਸ ਹੱਥ ਉਠਾਇ।

ਇਸ ਕਾਲ ਦੀਆਂ ਵਾਰਾਂ ਵਿਚ **ਪੀਰ ਮੁਹੰਮਦ ਰਚਿਤ 'ਚੱਠਿਆ ਦੀ ਵਾਰ'** ਦੀ ਕਾਫੀ ਚਰਚਾ ਹੋਈ ਹੈ। ਇਸ ਵਾਰ ਦੇ ਰਚਨਾਕਾਲ ਬਾਰੇ ਨਿਸ਼ਚਿਤ ਤੌਰ ਤੇ ਕੁਝ ਨਹੀਂ ਆਖਿਆ ਜਾ ਸਕਦਾ। ਪਰ ਸੈਫਲ ਮਲੂਕ ਦੇ ਕਿੱਸੇ ਵਿਚ ਇਸਦਾ ਜ਼ਿਕਰ ਹੋਣ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਇਹ ਇਸ ਤੋਂ ਪਹਿਲਾ ਦੀ ਰਚਨਾ ਹੈ। ਇਸ ਵਾਰ ਵਿਚ ਪੀਰ ਮੁਹੰਮਦ ਖਾਂ ਚਠੇ ਸਰਦਾਰ ਦੀ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ. ਮਹਾਂ ਸਿੰਘ ਨਾਲ ਰਸੂਲ ਨਗਰ ਅਤੇ ਮਨਚਰ ਵਿਖੇ ਹੋਈਆਂ ਲੜਾਈਆਂ ਦਾ ਚਿਤ੍ਰਣ ਹੈ।

ਕਵੀ ਨੂੰ ਇਤਿਹਾਸ ਮਿਥਿਹਾਸ ਦੀ ਡੂੰਘੀ ਸਮਝ ਹੈ ਅਤੇ ਉਹ ਇਸ ਵਾਰ ਨੂੰ ਮੰਗਲਾਚਰਣ ਦੀ ਵਿਧੀ ਨਾਲ ਸ਼ੁਰੂ ਕਰਦਾ ਹੈ ਕਿ ਉਦਾਹਰਣ ਲਈ ਨਮੂਨਾ ਦੇਖੋ :-

ਰੱਬ ਬਿਅੰਤ ਆਪਾਰ ਦਾ, ਕਿਸੇ ਅੰਤ ਨਾ ਪਾਇਆ।
ਤੇ ਕਹਿ ਕੇ ਲਫ਼ਜ਼ ਉਸ 'ਕੁਨ' ਦਾ ਸਭ ਜਗਤ ਬਣਾਇਆ।

ਇਸ ਉਪਰੰਤ ਕਵੀ ਇਸ ਵਾਰ ਦਾ ਇਤਿਹਾਸਕ ਪਿਛੋਕੜ ਬਿਆਨ ਕਰਦਾ ਹੋਇਆ ਅਹਿਮਦ ਸ਼ਾਹ ਅਬਦਾਲੀ ਦੇ ਪੰਜਾਬ ਤੇ ਹੋਏ ਹਮਲਿਆਂ ਨੂੰ ਬਿਆਨਦਾ ਹੈ। ਮੁਗਲਾਂ ਦੀ ਕਮਜ਼ੋਰ ਹੋਈ ਤਾਕਤ ਨੂੰ ਬਿਆਨਦਾ ਹੋਇਆ ਉਹ ਸਰਦਾਰਾਂ ਦੀ ਵੱਧ ਰਹੀ ਤਾਕਤ ਨੂੰ ਵੀ ਬਿਆਨਦਾ ਹੈ। ਕਵੀ ਇਸ ਵਾਰ ਵਿਚ ਸਿਰਫ਼ ਯੁੱਧ ਦੇ ਪ੍ਰਭਾਵਸ਼ਾਲੀ ਦ੍ਰਿਸ਼ਾਂ ਨੂੰ ਹੀ ਨਹੀਂ ਬਿਆਨਦਾ ਸਗੋਂ ਉਹਨਾਂ ਦੇ ਪਿੱਛੇ ਕਿਹੋ ਜਿਹਾ ਮਨੁੱਖੀ ਕਿਰਦਾਰ ਹੈ, ਉਸਨੂੰ ਉਹ ਬੜੀ ਨਿਰਪਖਤਾ ਨਾਲ ਬਿਆਨ ਕਰਦਾ ਹੈ। ਇਸ ਵਾਰ ਦੀ ਭਾਸ਼ਾ ਠੇਠ ਪੰਜਾਬੀ ਹੈ। ਇਸ ਤੋਂ ਇਲਾਵਾ ਫਾਰਸੀ ਦੀ ਸ਼ਬਦਾਵਲੀ ਇਸਲਾਮੀ ਸੰਕਲਪਾਂ ਅਤੇ ਇਤਿਹਾਸ ਨਾਲ ਸੰਬੰਧਿਤ ਹੈ।

ਇਹਨਾਂ ਵਾਰਾਂ ਤੋਂ ਇਲਾਵਾ ਇਸ ਕਾਲ ਦੀਆਂ ਹੋਰ ਵੀ ਮਹੱਤਵਪੂਰਣ ਵਾਰਾਂ ਹਨ ਜਿਵੇਂ 'ਸਰਬ ਲੋਹ ਦੀ ਵਾਰ' ਜਿਸਦਾ ਦੂਜਾ ਨਾਂ **ਮੰਗਲਾਚਰਣ ਪੁਰਾਣ** ਹੈ, ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਿਆ ਜਾਂਦਾ ਹੈ। 'ਵਾਰ ਹਕੀਕਤ ਰਾਏ' (ਕ੍ਰਿਤ ਕਵੀ ਅਗਰਾ) ਵਿਚ ਹਕੀਕਤ ਰਾਇ ਦੀ ਸ਼ਹਾਦਤ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਗਿਆ ਹੈ। **ਵਾਰ ਸ੍ਰੀ ਰਾਮ ਚੰਦਰ ਜੀ ਕੀ** (ਕ੍ਰਿਤ ਕਵੀ ਜਵਾਹਰ ਸਿੰਘ) ਵਿਚ ਸਾਰੀ ਰਾਮ-ਕਥਾ ਦਾ ਵਰਣਨ ਕੀਤਾ ਹੈ। ਇਸਦਾ ਮੁੱਖ ਅਧਾਰ 'ਤੁਲਸੀ ਰਮਾਇਣ' ਹੈ ਪਰ ਕਿਤੇ ਕਿਤੇ 'ਬਾਲਮੀਕਿ ਰਾਮਾਇਣ' ਤੋਂ ਵੀ ਲਾਭ ਉਠਾਇਆ ਗਿਆ ਹੈ। **ਵਾਰ ਰਾਜਾ ਅਮਰ ਸਿੰਘ ਕੀ** (ਕ੍ਰਿਤ ਕਵੀ ਕੇਸ਼ਣ ਦਾਸ) ਵਿਚ ਰਾਜਾ ਅਮਰ ਸਿੰਘ ਦਾ ਭੱਟੀ ਮੁਸਲਮਾਨ ਰਾਜਪੂਤਾਂ ਨਾਲ ਹੋਏ ਯੁੱਧ ਦਾ ਵਰਨਣ ਕੀਤਾ ਗਿਆ ਹੈ।

ਕਵੀ ਨਜ਼ਾਬਤ - (ਨਾਦਰਸ਼ਾਹ ਦੀ ਵਾਰ)

ਜੀਵਨ : ਕਵੀ ਨਜ਼ਾਬਤ ਜ਼ਿਲ੍ਹਾਂ ਸ਼ਾਹਪੁਰ (ਹੁਣ ਪਾਕਿਸਤਾਨ ਦੇ ਪਿੰਡ ਮਟੀਲਾਂ ਜੋ ਹਰਲ ਰਾਜਪੂਤਾਂ ਦਾ ਵਸਾਇਆ ਪਿੰਡ ਹੈ) ਦਾ ਵਸਨੀਕ ਸੀ। ਨਜ਼ਾਬਤ ਬਾਰੇ ਅਜੇ ਕੋਈ ਵਧੇਰੇ ਜਾਣਕਾਰੀ ਨਹੀਂ ਮਿਲਦੀ। ਇਸ ਵਾਰ ਵਿਚ ਨਾਦਰ ਸ਼ਾਹ ਤੇ ਮੁਹੰਮਦ ਸ਼ਾਹ ਰੰਗੀਲੇ ਵਿਚ ਹੋਈ 1738 ਈਸਵੀ ਦੀ ਕਰਨਾਲ ਦੀ ਲੜਾਈ ਦਾ ਵਰਣਨ ਹੈ। ਇਸ ਤੋਂ ਅਨੁਮਾਨ ਹੈ ਕਿ ਕਵੀ 18ਵੀਂ ਸਦੀ ਦਾ ਹੀ ਹੈ ਕਿਉਂਕਿ ਉਸ ਤੋਂ ਪਿੱਛੋਂ ਦਾ ਕੋਈ ਹਵਾਲਾ ਇਸ ਵਿਚ ਨਹੀਂ। ਇਥੋਂ ਤਕ ਕਿ ਦਿੱਲੀ ਦੇ ਕਤਲੇਆਮ ਦਾ ਵੀ, ਜੋ ਇਸ ਲੜਾਈ ਤੋਂ ਮਹੀਨੇ ਪਿੱਛੋਂ ਕੀਤਾ ਗਿਆ ਇਸ ਵਿਚ ਕੋਈ ਸੰਕੇਤ ਨਹੀਂ। ਬਾਵਾ ਬੁੱਧ ਸਿੰਘ ਨੇ ਪੁਸਤਕ 'ਬੰਬੀਹਾ ਬੋਲ' ਵਿਚ ਕਤਲੇਆਮ ਦਾ ਵਰਣਨ ਨਾ ਹੋਣ ਦਾ ਇਕ ਖਾਸ ਕਾਰਣ ਦੱਸਦਿਆਂ ਲਿਖਿਆ ਹੈ ਕਿ ਵਾਰ ਵਿਚ ਜਸ ਗਾਇਆ ਜਾਂਦਾ ਹੈ । ਕਤਲੇਆਮ ਨਾਦਰਸ਼ਾਹ ਲਈ ਕੋਈ ਵਡਿਆਈ ਵਾਲੀ ਗੱਲ ਨਹੀਂ ਸੀ। ਇਸ ਲਈ ਵਾਰ ਵਿਚ ਇਸ ਦਾ ਜ਼ਿਕਰ ਕੁਥਾਂ ਹੀ ਹੋਣਾ ਸੀ। ਇਸ ਵਾਰ ਨੂੰ ਸਾਹਿਤਕ ਆਲੋਚਨਾ ਦੀ ਦ੍ਰਿਸ਼ਟੀ ਨਾਲ ਵੇਖਿਆਂ ਨਿਮਨਲਿਖਤ ਵਿਚਾਰ ਬਣਦੇ ਹਨ।

ਨਜ਼ਾਬਤ ਦੀ ਰਚਨਾ ਦਾ ਸਾਹਿਤਕ ਪੱਖ

ਇਸ ਵਾਰ ਦਾ ਮੀਰੀ ਤੇ ਵਿਸ਼ੇਸ਼ ਗੁਣ ਇਹ ਹੈ ਕਿ ਇਸ ਵਿਚ ਪੰਜਾਬ ਤੇ ਭਾਰਤ ਵਾਸਤੇ ਪ੍ਰੇਮ ਅਤੇ ਜੋਸ਼ ਜਗਾਇਆ ਗਿਆ ਹੈ। ਸਾਡਾ ਵਿਚਾਰ ਹੈ ਕਿ ਹੋਰ ਅਜੋਕੇ ਉਪਦੇਸ਼ਾਂ ਤੇ ਸਿੱਖਿਆਵਾਂ ਨਾਲੋਂ, ਜੇ ਇਹ ਵਾਰ ਲੋਕਾਂ ਵਿਚ ਕਿਸੇ ਤਰ੍ਹਾਂ ਪ੍ਰਚਲਿਤ ਕੀਤੀ ਜਾ ਸਕੇ ਤਾਂ ਪੰਜਾਬ ਵਾਸੀਆਂ ਵਿਚ ਦੇਸ਼-ਪ੍ਰੇਮ ਦੀ ਭਾਵਨਾ ਆਪਣੇ ਆਪ ਹੀ ਵੱਧ ਸਕਦੀ ਹੈ । ਹੇਠ ਲਿਖੀਆਂ ਕੁਝ ਤੁਕਾਂ ਇਸ ਦੇ ਦ੍ਰਿਸ਼ਟਾਂਤ ਵਜੋਂ ਕਾਫ਼ੀ ਹੋਣਗੀਆਂ :

ਏਸੇ ਮੁਲਕ ਪੰਜਾਬ ਵਿਚ ਚੜ੍ਹ ਹੁਕਮ ਕਮਾਏ।

....

ਸਿਰ ਦੇਣਾ ਮਨਜ਼ੂਰ ਹੈ ਜੇ ਹਿੰਦ ਨਾ ਜਾਏ।

ਨਾਦਰ ਸ਼ਾਹ ਨੂੰ ਭਾਰਤ ਉਤੇ ਹਮਲਾ ਕਰਨ ਵਾਸਤੇ ਸੱਦਾ ਪੱਤਰ ਘੱਲਣ ਵਾਲਿਆਂ ਨੂੰ ਨਜ਼ਾਬਤ ਨੇ ਫਿਟਕਾਰ ਪਾਈ ਹੈ।

ਗੁਜਰਾਤ, ਲਾਹੌਰ, ਵਟਾਲੇ ਆਦਿ ਦੇ ਸੂਬੇਦਾਰਾਂ ਨੇ ਨਾਦਰਸ਼ਾਹ ਨਾਲ ਟੱਕਰ ਲਈ, ਭਾਵੇਂ ਸਭ ਸੂਬੇਦਾਰ ਅੰਤ ਨੂੰ ਹਾਰੇ ਤੇ ਨਾਦਰਸ਼ਾਹ ਅੱਗੇ ਵਧਦਾ ਗਿਆ ਪਰ ਕਵੀ ਪੰਜਾਬ ਦੀ ਬਹਾਦਰੀ ਦਾ ਸਿੱਕਾ ਨਾਦਰਸ਼ਾਹ ਤੋਂ ਇਹ ਕਹਿ ਕੇ ਮਨਵਾਉਂਦਾਂ ਹੈ :

ਕੁਲ ਅਮੀਰ ਵਲਾਇਤੀ ਹੋ ਗਏ ਹੈਰਾਨੇ।
ਦਿੱਲੀ ਕੀਕਰ ਪਹੁੰਚਣਾ, ਘਰ ਘਰ ਹੰਗਾਮੇ।

ਇਸ ਵਾਰ ਵਿਚ ਇਕੱਲੇ ਸੂਰਮੇ ਆਪੋ ਵਿਚ ਲੜਦੇ ਵਿਖਾਏ ਹਨ ਤੇ ਇਉਂ ਬੀਰ ਰਸ ਦਾ ਪ੍ਰਭਾਵ ਤੇ ਯੁੱਧ ਦ੍ਰਿਸ਼ ਬਹੁਤ ਉਘੜੇ ਹਨ। ਇਸ ਲਈ ਵਾਰ ਨੂੰ ਵੀਰ ਰਸ ਦਾ ਇਕ ਸੁੰਦਰ ਤੇ ਉੱਤਮ ਨਮੂਨਾ ਮੰਨਿਆ ਜਾਂਦਾ ਹੈ। ਆਮ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਚੰਡੀ ਦੀ ਵਾਰ ਨੂੰ ਛੱਡ ਕੇ ਪੰਜਾਬੀ ਦੀ ਹੋਰ ਕੋਈ ਵੀ ਵਾਰ ਇਸ ਤੋਂ ਉਤਮ ਬੀਰ ਰਸੀ ਵਾਰ ਨਹੀਂ ਅਖਵਾ ਸਕਦੀ।

ਇਸ ਲੇਖਕ ਨੇ ਵੀ ਵਾਰਿਸ ਸ਼ਾਹ ਵਾਂਗ ਕਿਤੇ ਕਿਤੇ ਆਪਣੇ ਜੀਵਨ ਤਜਰਬੇ ਦੇ ਨਿਚੋੜ ਅਤੇ ਆਪਣੇ ਸਮੇ ਦੀ ਸਮਾਜਕ ਦਸ਼ਾ ਦਾ ਵਰਣਨ ਕੀਤਾ ਹੈ । ਅਜਿਹੇ ਕਾਵਿ ਟੋਟੇ ਤੇ ਤੁਕਾਂ ਕਵੀ ਦੀ ਸੂਝ, ਗਹੁ ਨਾਲ ਤੱਕਣ ਤੇ ਨਤੀਜਾ ਕੱਢਣ ਦੀ ਸ਼ਕਤੀ ਦਾ ਪਤਾ ਦਿੰਦੀਆਂ ਹਨ। ਦ੍ਰਿਸ਼ਟਾਂਤ ਵਜੋਂ ਕੁਝ ਕਾਵਿ ਬੰਦ ਦੇਖੋ :

ਸਦੀ ਨਬੀ ਦੀ ਬਾਰ੍ਹਵੀਂ ਵੱਡੇ ਫਿਕਰ ਪਏ ਖਾਨਦਾਨਾਂ ।
ਜ਼ੁਲਮ ਜ਼ਿਮੀ ਤੇ ਵਰਤਿਆ, ਕੂੜ ਮਕਰ ਬਹਾਨਾ।
ਭਾਜੀ ਦਗੇ ਫਰੇਬ ਦੀ ਫਿਰੀ ਜਹਾਨਾ।
ਮੁਸਾਹਿਬ ਤੇ ਚੋਰ ਕਚਹਿਰੀ ਲਾ ਬਹਿਣ ਦੀਵਾਨਾ।
ਰਲ ਸਿਖਲ[1] ਕਰਨ ਮਜਲਸ[2] ਅਦਲ[3] ਇਨਸਾਫ਼ ਗਿਆ ਸੁਲਤਾਨਾ।
ਚੜ੍ਹ ਘੋੜੇ ਦੌੜਨ ਆਜੜੀ ਜਨੇਬ[4] ਟੁਰਨ ਅਸੀਲ ਜੁਆਨਾ।
ਛਟਾਂ ਪਵਨ ਅਰਾਕਿਆਂ[5] ਖਰਕੋਂ[6] ਆਮ ਖਲੇ ਮੈਦਾਨਾਂ।
ਮਰਦਾਂ ਥੀਂ ਗਿਆ, ਗਾਲਬਾ[7] ਪਿਆ ਜਮਾਨਾ।
ਅਮੀਰਾਂ ਨਾ ਜੁਰਾ ਬੱਰੀਆਂ ਕਰ ਜਮ੍ਹਾਂ ਜ਼ਮਾਨਾ।
ਦਿਲੀ ਸ਼ਹਿਰ ਬਾਬਤ ਲਿਖਿਆ ਹੈ :
ਤੂੰ ਮਾਸ ਖਾਏ ਰਾਜ ਪੁੱਤਰਾਂ[8] ਜਿਉਂ ਬਕਰ ਕਸਾਈ।
ਤੂੰ ਲਖ ਲੁਹਾਈਆਂ ਖੂਹਣੀਆਂ ਮਿਹਰ ਮੂਲ ਨਾ ਆਈ।
ਤੈਨੂੰ ਨਿਵੀਆਂ ਜ਼ਿਮੀਆਂ ਸਾਰੀਆਂ ਜਗ ਫਿਰ ਦੁਹਾਈ।
ਇਕ ਮਾਰੇ ਇਕ ਸਿਰ ਧਰੇਂ ਨਿਤ ਹੁਸਨ ਸਵਾਈ।
ਦਿੱਲੀ ਤੋਂ ਸ਼ਹਿਜ਼ਾਦਿਆਂ ਦੀ ਖੈ ਹੁੰਦੀ ਆਈ।

ਇਸ ਵਾਰ ਵਿਚ ਲੇਖਕ ਨੇ ਚੰਡੀ ਦੀ ਵਾਰ ਵਾਂਗ ਸਿਰਖੰਡੀ ਛੰਦ ਹੀ ਵਰਤਿਆ ਹੈ । ਸਿਰਖੰਡੀ ਛੰਦ ਵਿਚ ਤੁਕਾਂਤ (ਤੁਕਾਂ ਦਾ ਅੰਤ) ਨਹੀਂ ਰਲਦਾ ਸਗੋ ਕਈ ਵਾਰ ਇਕ ਤੁਕ ਦੇ ਮੱਧ ਨੂੰ ਦੂਜੀ ਤੁਕ ਦੇ ਨਾਲ ਸੋਰਠੇ ਵਾਂਗ ਰਲਾਇਆ ਜਾਂਦਾ ਹੈ।ਨਜ਼ਾਬਤ ਦੇ ਸਿਰਖੰਡੀ ਛੰਦ ਦੀ ਮਿਸਾਲ ਵੇਖੋ :

ਮੈਦਾਨ ਦਿੱਲੀ ਦਾ ਖਾਲੀ, ਬੰਦਾ ਬਾਦਸ਼ਾਹ,
ਏਹਦੀ ਕਾਈ ਨਾ ਚਲੇ ਚਾਲੀ, ਕਸਮ ਚਗੱਤਿਆ।
ਏਹਦੀ ਰੱਯਤ ਨਾ ਸੁਖਾਲੀ ਕੂਕੇ ਰਾਤ ਦਿਨ,
ਤੂੰ ਦੜ੍ਹ ਦੇ ਦੇਇ ਵਿਖਾਲੀ, ਤਖਤ ਮੁਬਾਰਕਾਂ।

ਭਾਈ ਵੀਰ ਸਿੰਘ ਜੀ ਨੇ ਰਾਣਾ ਸੂਰਤ ਸਿੰਘ ਵਿਚ ਇਹੋ ਛੰਦ ਸੁਚੱਜਤਾ ਨਾਲ ਵਰਤਿਆ ਹੈ ਅਤੇ ਨਜ਼ਾਬਤ ਨੂੰ ਇਸ ਛੰਦ ਦੀ ਲੈਅ ਤੇ ਤਕਨੀਕ ਨਿਭਾਉਣ ਦਾ ਇਕ ਵੱਡਾ ਉਸਤਾਦ ਮੰਨਿਆ ਜਾਂਦਾ ਹੈ।

ਭਾਸ਼ਾ ਦੇ ਦ੍ਰਿਸ਼ਟੀਕੋਣ ਤੋਂ ਨਜ਼ਾਬਤ ਦੀ ਵਾਰ ਇਕ ਸਫ਼ਲ ਵਾਰ ਹੈ। ਬੀਰ ਰਸ ਲਈ ਭਾਰੇ ਖਰ੍ਹਵੇਂ ਸ਼ਬਦ ਰੜਕਣ, ਗੜਕਣ ਆਦਿ ਵਰਤੇ ਗਏ। ਚੰਡੀ ਦੀ ਵਾਰ ਵਾਂਗੂੰ ਇਸ ਵਾਰ ਵਿਚ ਸੰਖੇਪਤਾ ਦਾ ਗੁਣ ਵੀ ਉਘੜ ਕੇ ਸਾਹਮਣੇ ਆਇਆ ਹੈ। ਕਵੀ ਨੇ ਗਾਗਰ

ਵਿਚ ਸਾਗਰ ਵਾਲੀ ਗੱਲ ਕੀਤੀ ਹੈ।

ਵਾਰ ਦੇ ਆਰੰਭ ਵਿਚ ਕਲ੍ਹ ਤੇ ਨਾਰਦ ਦੇ ਮਿਥਿਹਾਸਕ ਪਾਤਰ ਘਰ ਵਿਚ ਲੜਦੇ ਦਿਖਾਏ ਹਨ। ਕਲ੍ਹ ਜਿਵੇਂ ਪ੍ਰਸਿੱਧ ਹੈ ਲੜਾਈ ਦੀ ਦੇਵੀ ਹੈ ਤੇ ਨਾਰਦ ਚਲਾਕੀ ਦਾ ਦੇਵਤਾ। ਉਥੋਂ ਦੋਹਾਂ ਦੇ ਵਾਰਤਾਲਾਪ ਵਿਚ ਹਾਸ-ਰਸ, ਉਲਾਂਭਾ ਅਤੇ ਇਸਤਰੀਆਂ ਤੇ ਮਰਦਾਂ ਦੀ ਭਾਸ਼ਾ ਦਾ ਅੰਤਰ ਬਹੁਤ ਨਿਖਰਦਾ ਹੈ :

ਕਲ੍ਹ ਆਹਦੀ ਵੇ ਨਾਰਦਾ, ਤੈਨੂੰ ਕੀ ਭਲਿਆਈ।
ਤੇ ਘਰੋਂ ਜ਼ਨਾਨੀ ਟੋਰਨੀ, ਖੂਬੀ ਨਹੀਂ ਕਾਈ।
ਮੈਨੂੰ ਕਿਉਂ ਨਾ ਗੁੜ੍ਹਤੀ ਜ਼ਹਿਰ ਦੀ ਤਦੋ ਦਿੱਤੀ ਦਾਈ।
ਹੈਫ ਕੀਤਾ ਸੀ ਲਾਗੀਆਂ ਕੀਤੀ ਕੁੜਮਾਈ।
ਤੇ ਪਾਪ ਕੀਤਾ ਸੀ ਉਨ੍ਹਾਂ ਬਾਮ੍ਹਣਾਂ ਜਿਨ੍ਹਾਂ ਵੇਦ ਅਡਾਈ।
ਤੁਨ ਨਖਟੂ ਖਸਮ ਨਾਲ ਮੈ ਨਿੱਜ ਪਰਨਾਈ।

ਅਲੰਕਾਰਾਂ ਵਿਚ ਵੀ ਨਜ਼ਾਬਤ ਨੇ ਬਹੁਤ ਵੱਡੀ ਸਫ਼ਲਤਾ ਤੇ ਮੌਲਿਕਤਾ ਵਿਖਾਈ ਹੈ। ਨਵੀਨ ਢੁਕਵੇਂ ਅਤੇ ਜੀਵਨ ਵਿਚੋਂ ਲੋੜੀਂਦੇ ਉਪਮਾਨ ਚੁਣੇ ਹਨ ਅਤੇ ਵਿਚ ਪ੍ਰਚਲਿਤ ਮਿਥਿਹਾਸਕ ਦ੍ਰਿਸ਼ਟਾਂਤ ਵੀ ਵਰਤੇ ਹਨ ਜਿਵੇਂ ਲਹੂ ਨਾਲ ਲਿਬੜਿਆ ਤੀਰ ਵੇਖ ਕੇ ਕਵੀ ਕਹਿੰਦਾ ਹੈ :

ਫਲ ਦੇਂਦੀ ਸੁਰਖ ਵਿਖਾਲੀ ਕਿਤ ਨਿਹਾਇ ਕੇ
ਜਿਉ ਦਿਹੁੰ ਚਵਦੇ ਪਹਿਲੀ ਲਾਲੀ ਸੂਹੇ ਰੰਗ ਦੀ

ਇਸੇ ਤਰ੍ਹਾਂ ਹਾਥੀਆਂ ਦੇ ਸੁੰਡਾਂ ਦੀ ਪਹਾੜਾਂ ਤੇ ਲੇਟੇ ਲੈ ਰਹੇ ਜ਼ਹਿਰ ਭਰੇ ਵੱਡ ਖਾਣੇ ਸੱਪਾਂ ਨਾਲ ਤੁਲਨਾ ਕੀਤੀ ਹੈ।

ਚੰਡੀ ਦੀ ਵਾਰ ਦੇ ਕਰਤਾ ਵਾਂਗ ਨਜ਼ਾਬਤ ਦੀ ਜੰਗ ਵਿਚਲੀਆਂ ਘਟਨਾਵਾਂ ਦਾ ਹੂ-ਬ-ਹੂ ਨਕਸ਼ਾ ਜਾਂ ਦ੍ਰਿਸ਼ ਚਿਤਰ ਸਾਡੀਆਂ ਅੱਖਾਂ ਸਾਹਮਣੇ ਲਟਕਾ ਦਿੰਦਾ ਹੈ। ਸੰਭਵ ਹੈ ਨਜ਼ਾਬਤ ਨੇ ਇਹ ਵਾਰ ਲਿਖਣ ਸਮੇਂ ਵਾਰ ਚੰਡੀ ਦਾ ਪ੍ਰਭਾਵ ਗ੍ਰਹਿਣ ਕੀਤਾ ਹੋਵੇ। ਕਵੀ ਇਕ ਦੋ ਕਲਮ ਛੂਹਾਂ ਨਾਲ ਹੀ ਪੂਰੇ ਦਾ ਪੂਰਾ ਚਿਤਰ ਉਲੀਕ ਦੇਂਦਾ ਹੈ। ਕੁਝ ਸ਼ਬਦ-ਚਿਤਰ ਪੇਸ਼ ਹਨ :

ਜਿਹੁੰ ਚੰਨ ਛੁਪੈ ਨੇ, ਗਰਦ ਵਿਚ ਪੈ ਗਏ ਹਨ੍ਹੇਰੇ ?
ਉਹਦਾ ਸਿਰ ਖੁਲ੍ਹਾਂ ਦੰਦ ਦਰਾਜ਼, ਸਿਰਾਹ ਪੇਸ਼ਨੀ।
ਉਨ੍ਹਾਂ ਦੇ ਨੱਕ ਫੀਨੇ, ਸਿਰ ਤਾਵੜੇ, ਢਿੱਡ ਵਾਂਗ ਢਮੱਕੇ।
ਉਨ੍ਹਾਂ ਹੰਨੇ ਹੱਥ ਰਕਾਬ ਪੈਰ ਦੁਆ ਬਖਾਨੇ।

ਇਸ ਕਵੀ ਨੂੰ ਇਤਿਹਾਸਕ ਸੂਝ ਵੀ ਬਹੁਤ ਹੈ ਅਤੇ ਲੜਾਈ ਦੇ ਕਾਰਣਾਂ ਤੇ ਸਿੱਟਿਆਂ ਬਾਬਤ ਇਸ ਨੇ ਕਾਫ਼ੀ ਜਾਣਕਾਰੀ ਦਿੱਤੀ ਹੈ। ਕਵੀ ਨੂੰ ਪਤਾ ਹੈ ਕਿ ਨਾਦਰ ਸ਼ਾਹ ਆਪਣੇ ਆਪ ਨਹੀਂ ਆਇਆ ਸਗੋਂ ਦੇਸ਼ ਧਰੋਹੀਆਂ ਉਸ ਨੂੰ ਸੱਦਾ ਪੱਤਰ ਭੇਜਿਆ ਹੈ ਤਾਂ ਹੀ ਲਿਖਦਾ ਹੈ :

ਬੁਰਾ ਕੀਤਾ ਦੁਰਾਨੀਆਂ ਮੁੜ ਦੂਜੀ ਵਾਰੀ।
ਉਨ੍ਹਾਂ ਦਸਤਰ ਮੁਬਾਰਕ ਆਪਣੀ, ਆਪ ਉਤਾਰੀ।
ਅਦਬ ਗਵਾਇਆ ਨੌਕਰੀ ਕਰ ਬੇਇਤਬਾਰੀ।
ਦਾੜ੍ਹੀ ਕਿਸੇ ਨੇ ਵੇਚੀਆਂ ਹੱਥ ਦੇ ਵਪਾਰੀ।
ਉਨ੍ਹਾਂ ਸੱਦ ਕੇ ਆਂਦਾ ਨਾਦਰਸ਼ਾਹ ਨੂੰ ਦੇ ਰਿਸ਼ਵਤ ਭਾਰੀ।

ਸਮੁੱਚੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਨਜ਼ਾਬਤ ਪੰਜਾਬੀ ਸਾਹਿਤ ਦਾ ਇਕ ਚਮਕਦਾ ਸਿਤਾਰਾ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਛੁੱਟ ਹੋਰ ਕੋਈ ਵਾਰਕਾਰ ਇਸ ਦੇ ਟਾਕਰੇ ਦਾ ਨਹੀਂ ਦਿੱਸਦਾ।

ਉਪਰੋਕਤ ਵਾਰਾ ਦੇ ਅਧਿਐਨ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਇਸ ਸਦੀ ਵਿਚ ਲਿਖੀਆਂ ਵਾਰਾਂ ਵਿਚੋਂ ਵੀਰ ਰਸੀ ਵਾਰਾਂ ਅਧਿਕ ਹਨ। ਇਹਨਾਂ ਵਾਰਾਂ ਦਾ ਉਦੇਸ਼ ਨਾਇਕ ਦੇ ਮਹੱਤਵ ਦੀ ਸਥਾਪਨਾ ਹੈ। ਇਹਨਾਂ ਵਿੱਚ ਪਉੜੀ ਛੰਦ ਦੀ ਪ੍ਰਧਾਨਤਾ ਹੈ। 'ਨਾਦਰਸ਼ਾਹ ਦੀ ਵਾਰ' ਇਸ ਸਮੇਂ ਦੀ ਉਤਮ ਰਚਨਾ ਹੈ।

ਜੰਗਨਾਮੇ :

1701-1800 ਈ. ਦੇ ਸਮੇਂ ਦੌਰਾਨ ਜੰਗਨਾਮਿਆਂ ਦੀ ਰਚਨਾ ਵੀ ਹੋਈ। ਇਸ ਸਮੇਂ ਵਿੱਚ ਮੁਕਬਲ, ਹਾਮਦ ਤੇ ਮੌਲਵੀ ਰੁਕਬਦੀਨ ਨੇ ਜੰਗਨਾਮਿਆਂ ਦੀ ਰਚਨਾ ਕੀਤੀ। ਜੰਗਨਾਮੇ ਵਧੇਰੇ ਤੌਰ ਤੇ ਮੁਸਲਮਾਨਾਂ ਸ਼ਾਇਰਾਂ ਨੇ ਲਿਖੇ ਹੋਣ ਕਰਕੇ ਜੰਗਨਾਮੇ ਦੀ ਸ਼ਬਦਾਵਲੀ ਤੇ ਅਰਬੀ ਫਾਰਸੀ ਵੱਲ ਝੁਕੀ ਹੁੰਦੀ ਹੈ। ਪੰਜਾਬੀ ਵਿਚ ਚਰਚਿਤ ਜੰਗਨਾਮਾ ਕਵੀ

'ਮੁਕਬਲ' ਦਾ ਲਿਖਿਆ ਹੋਇਆ ਹੈ। 'ਇਮਾਮ ਹੁਸੈਨ' ਦੀ ਸ਼ਹਾਦਤ ਨਾਲ ਸੰਬੰਧਤ ਇਸ ਦੀ ਸੁੰਦਰਤਾ ਇਸਦੇ ਬਿਆਨ ਵਿੱਚ ਹੈ ਤੇ ਉਹ ਵੀ ਕਰੁਣਾਮਈ ਬਿਆਨ ਵਿੱਚ। (ਅਰਬੀ ਫ਼ਾਰਸੀ ਦੀ ਸ਼ਬਦਾਵਲੀ ਦੀ ਭਰਮਾਰ ਤੇ ਮੁਹਾਵਰੇਦਾਰ ਬੋਲੀ ਇਸ ਦੀ ਖੂਬਸੂਰਤੀ ਹੈ।) ਬੀਬੀ ਜ਼ਨੈਬ ਅਤੇ ਕਲਸੂਮ ਦੇ ਪੀੜਾਂ ਭਰੇ ਬਿਆਨ ਵਿਚਾਲੇ ਚੂੜਾ ਭੰਨਣ, ਨਕੋਂ ਨਥ ਉਤਾਰਨ, ਵੈਣ ਪਾਉਣ ਦੇ ਉਲੇਖਾਂ ਦੁਆਰਾ ਪੰਜਾਬੀ ਸਦਾਚਾਰ ਨੂੰ ਵੀ ਰੂਪਮਾਨ ਕੀਤਾ ਗਿਆ ਹੈ, ਜਿਵੇਂ-

ਜ਼ੈਨਬ ਅਹੀਂ ਮਰੀਆਂ ਨਾਲੇ ਆਪ ਰਲਸੂਮ।
ਵੀਰਾ ਸਾਨੂੰ ਕਰ ਗਿਉਂ ਨਿਮਾਣਿਆਂ ਤੇ ਮਜ਼ਲੂਮ।
ਬੀਬੀ ਚੂੜਾ ਭੰਨਿਆ, ਪੁਟ ਪੁਟ ਸੁਟੇ ਵਾਲ।
ਸਾਈਆਂ ਕਰ ਪਿਟਦੀ, ਚੀਕਾਂ ਮਾਰ ਬੇਹਾਲ।

(ਪੰਜਾਬੀ ਸਾਹਿਤ ਦਾ ਇਤਿਹਾਸ - ਪੰਨਾ 54)

'ਹਾਮਦ' (1769-1779 ਈ.) ਨੇ ਵੀ ਇਮਾਮ ਹੁਸੈਨ ਅਤੇ ਹੁਸੈਨ ਦੋਹਾਂ ਦੀ ਸ਼ਹਾਦਤ ਦਾ ਬੜਾ ਹਿਰਦੇ-ਬੇਧਕ ਵਰਣਨ ਕੀਤਾ ਹੈ। ਇਸ ਤੋਂ ਇਲਾਵਾ ਮੌਲਵੀ ਰੁਕਦਦੀਨ ਨੇ ਵੀ ਜੰਗਨਾਮੇ ਦੀ ਰਚਨਾ ਕੀਤੀ ਜਿਸਨੂੰ 'ਰੋਜ਼ਤੁਲਸ਼ੁਹਦ' ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਇਸ ਕਾਲ ਦੇ ਜੰਗਨਾਮਿਆਂ ਦਾ ਵਿਸ਼ਾ - ਇਮਾਮ ਹੁਸੈਨ ਦੀ ਸ਼ਹਾਦਤ ਨਾਲ ਸੰਬੰਧਤ ਸੀ ਅਤੇ ਇਸ ਵਿਚ ਵੀਰ ਰਸ ਦੀ ਥਾਂ ਕਰੁਣਾ-ਰਸ ਨੂੰ ਵਧੇਰੇ ਉਲੀਕਿਆ ਗਿਆ ਹੈ।

1701 ਤੋਂ 1800 ਈ. ਤੱਕ ਦੀ ਵਾਰਤਕ ਤੇ ਧਾਰਮਕ ਧਾਰਾ

18ਵੀਂ ਸਦੀ ਵਿੱਚ ਲਿਖੀ ਜਾਣ ਵਾਲੀ ਵਾਰਤਕ ਦਾ ਮੁੱਖ ਵਿਸ਼ਾ ਧਰਮ ਅਤੇ ਵਿਸ਼ੇਸ਼ ਕਰਕੇ ਸਿੱਖ ਧਰਮ ਰਿਹਾ ਹੈ। ਜੇ ਹੋਰ ਵੀ ਕੇਂਦਰਿਤ ਹੋਈਏ ਤਾਂ ਕਿਹਾ ਜਾ ਸਕਦਾ ਹੈ ਕਿ ਇਸਦਾ ਵਡੇਰਾ ਹਿੱਸਾ ਗੁਰੂ ਨਾਨਕ ਨੂੰ ਕੇਂਦਰ ਵਿਚ ਰੱਖ ਕੇ ਲਿਖਿਆ ਗਿਆ। ਇਸ ਕਾਲ ਦੀ ਵਾਰਤਕ ਨੂੰ ਹੇਠ ਲਿਖੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :-

1. ਜਨਮਸਾਖੀਆਂ 2. ਸਾਖੀਆਂ 3. ਟੀਕੇ 4. ਉਥਾਨਿਕਾ
5. ਰਹਿਤਨਾਮੇ 6. ਹੁਕਮਨਾਮੇ 7. ਅਨੁਵਾਦ

ਜਨਮਸਾਖੀਆਂ :

ਇਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਕਹਾਣੀਆਂ ਨੂੰ ਸਾਖੀ ਰੂਪ ਵਿਚ ਪੇਸ਼ ਕਰਦੀਆਂ ਹਨ। ਸਾਖੀ ਦਾ ਅੱਖਰੀ ਭਾਵ ਹੈ ਅੱਖੀ ਦੇਖੀ ਕਹਾਣੀ ਭਾਵ ਉਹ ਕਹਾਣੀ ਜਿਸ ਵਿਚ ਇਤਿਹਾਸਕ ਗਵਾਹੀ ਮਿਲੇ। ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਪ੍ਰਸਿੱਧ ਹਨ। ਇਸ ਤੋਂ ਇਲਾਵਾ ਭਗਤ ਕਬੀਰ, ਰਵਿਦਾਸ, ਹਜ਼ਰਤ ਮੁਹੰਮਦ ਆਦਿ ਦੀਆਂ ਜਨਮਸਾਖੀਆਂ ਵੀ ਮਿਲਦੀਆਂ ਹਨ, ਜੋ ਬਹੁਤੀਆਂ ਅਜੇ ਅਣਛਪੀਆਂ ਹਨ।

'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਜਨਮਸਾਖੀ ਸਾਹਿਤ ਦੀ ਮਹੱਤਵਪੂਰਣ ਕੜੀ ਹੈ। ਇਸਨੂੰ 'ਗਿਆਨ ਰਤਨਾਵਲੀ' ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ ਕਿਉਂਕਿ ਇਸਦਾ ਅਧਾਰ ਭਾਈ ਗੁਰਦਾਸ ਦੀ ਪਹਿਲੀ ਵਾਰ 'ਗਿਆਨ ਰਤਨਾਵਲੀ' ਹੈ। ਇਸ ਦੀ ਰਚਨਾ ਦਾ ਮੁੱਖ ਕਾਰਣ ਇਹ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਜੋ ਉਹਨਾਂ ਦੇ ਚਿੰਤਨ-ਵਿਰੋਧੀ ਕਹਾਣੀਆਂ ਜੋ ਪ੍ਰਚੱਲਿਤ ਹੋ ਚੁੱਕੀਆਂ ਸਨ ਉਹਨਾਂ ਨੂੰ ਅਲੱਗ ਕਰਨਾ ਸੀ ਜਾਂ ਦੂਜੇ ਸ਼ਬਦਾਂ ਵਿੱਚ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਸ ਜਨਮਸਾਖੀ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨੂੰ ਸ਼ੁੱਧ ਰੂਪ ਵਿਚ ਲਿਖਿਆ ਹੈ। ਇਸ ਜਨਮਸਾਖੀ ਵਿਚ 225 ਸਾਖੀਆਂ ਹਨ, ਜਿਹਨਾਂ ਵਿੱਚ ਸੱਤ ਸਾਖੀਆ ਦਾ ਸੰਬੰਧ ਗੁਰੂ ਨਾਨਕ ਤੋਂ ਬਾਅਦ ਹੋਏ ਗੁਰੂਆਂ ਨਾਲ ਹੈ। ਸ਼ੈਲੀ ਦੇ ਪੱਖ ਤੋਂ ਵੇਖੀਏ ਤਾਂ ਇਸ ਵਿਚੋਂ ਵਿਆਖਿਆਈ, ਮਨੋਵਿਗਿਆਨਕ, ਸੰਬਾਦਾਤਮਕ ਤੇ ਅਲੰਕਾਰਮਈ ਸ਼ੈਲੀ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਸ ਦੀ ਭਾਸ਼ਾ ਵਿਚ ਸੰਸਕ੍ਰਿਤ, ਫਾਰਸੀ, ਬ੍ਰਜ ਭਾਸ਼ਾ ਤੇ ਲਹਿੰਦੀ ਪੰਜਾਬੀ ਦੇ ਨਮੂਨੇ ਮਿਲਦੇ ਹਨ।

ਸਾਖੀਆਂ :

ਸਾਖੀ ਪੁਰਾਤਨ ਪੰਜਾਬੀ ਵਾਰਤਕ ਦੀ ਦੂਜੀ ਵੰਨਗੀ ਹੈ। ਜਨਮਸਾਖੀ ਤੇ ਸਾਖੀ ਵਿੱਚ ਸਭ ਤੋਂ ਵੱਡਾ ਅੰਤਰ ਇਹ ਹੈ ਕਿ ਇਸ ਵਿਚ ਘਟਨਾ ਜ਼ਰੂਰੀ ਤੌਰ ਤੇ ਕਿਸੇ ਗੁਰੂ ਨਾਲ ਸਬੰਧਤ ਨਹੀਂ ਹੁੰਦੀ। ਸਾਖੀ ਦਾ ਨਾਇਕ ਗੁਰੂ ਤੋਂ ਇਲਾਵਾ

ਕੋਈ ਸਾਧ, ਸੰਤ ਜਾਂ ਸਿੱਖ ਵੀ ਹੋ ਸਕਦਾ ਹੈ। ਇਸ ਸਮੇਂ ਦੀਆਂ ਮਹੱਤਵਪੂਰਣ ਰਚਨਾਵਾਂ ਹਨ :-

1. ਸਿੱਖਾਂ ਦੀ ਭਗਤਮਾਲਾ
2. ਸੌ ਸਾਖੀ
3. ਸਾਖੀਆਂ ਅੱਤਣਸ਼ਾਹ

ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਖੀਆਂ ਵੀ ਮਿਲਦੀਆਂ ਹਨ।

'ਸਿੱਖਾਂ ਦੀ ਭਗਤ-ਮਾਲਾ' ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਦੂਜੀ ਮਹੱਤਵਪੂਰਣ ਘਟਨਾ ਹੈ। ਇਸ ਨੂੰ 'ਭਗਤ ਰਤਨਾਵਲੀ' ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਹ ਭਾਈ ਗੁਰਦਾਸ ਦੀ 'ਗਿਆਰਵੀ ਵਾਰ' ਉਤੇ ਅਧਾਰਿਤ ਹੈ। ਇਸ ਰਚਨਾ ਦਾ ਮਨੋਰਥ ਪਾਠਕਾਂ ਨੂੰ ਗਿਆਰਵੀਂ ਵਾਰ ਵਾਲੇ ਸਿੱਖਾਂ ਦੀ ਰਹਿਣੀ ਅਤੇ ਮਰਯਾਦਾ ਤੋਂ ਜਾਣੂ ਕਰਵਾਉਣਾ ਹੈ। ਇਸ ਦੀ ਸ਼ੈਲੀ ਇੱਕ ਪ੍ਰਕਾਰ ਦੀ 'ਗੱਲ-ਬਾਤੀ' ਜਿਹੀ ਸ਼ੈਲੀ ਹੈ। ਇਸ ਰਚਨਾ ਵਿੱਚ ਲਹਿੰਦੀ ਅਤੇ ਹਿੰਦੀ ਦਾ ਅੰਸ਼ ਘਟਦਾ ਲੱਗਦਾ ਹੈ ਅਤੇ ਕੇਂਦਰੀ ਪੰਜਾਬੀ ਨੂੰ ਪ੍ਰਮੁੱਖਤਾ ਮਿਲਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਹ ਰਚਨਾ-ਜਨਮਸਾਖੀ ਪਰੰਪਰਾ ਨੂੰ ਅੱਗੇ ਤੋਰਦੀ ਹੈ।

'ਸੌ ਸਾਖੀ' ਦਾ ਮੂਲ ਨਾਂ **'ਗੁਰੂ ਰਤਨਮਾਲਾ'** ਹੈ ਪਰ ਸ਼ਰਧਾਲੂਆਂ ਵਿਚ ਇਹ ਸੌ ਸਾਖੀ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦਾ ਮੁੱਖ ਕਾਰਣ ਇਹ ਹੈ ਕਿ ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਉਪਦੇਸ਼ਾਂ ਨਾਲ ਸੰਬੰਧਤ ਲਗਭਗ 100 ਸਾਖੀਆਂ ਹਨ। ਸੌ ਸਾਖੀ ਦਾ ਵਿਸ਼ਾ ਉਚੇ ਮਨੁੱਖੀ ਜੀਵਨ ਲਈ ਧਾਰਮਿਕ ਕਦਰਾਂ ਕੀਮਤਾਂ ਤੇ ਇਹਨਾਂ ਤੇ ਅਧਾਰਿਤ ਨੈਤਿਕ ਚਰਿਤਰ ਨਿਰਮਾਣ ਦੀ ਭਾਵਨਾ ਨੂੰ ਉਜਾਗਰ ਕਰਨਾ ਹੈ। ਇਹਨਾਂ ਸਾਖੀਆਂ ਵਿਚ ਜੋ ਸਦਾਚਾਰਕ ਸਿਖਿਆ ਦਿੱਤੀ ਗਈ ਹੈ ਅਤੇ ਜਿਹੜੀ ਰਹਿਤ-ਮਰਿਯਾਦਾ ਦਾ ਪਾਲਣ ਕਰਨ ਲਈ ਆਖਿਆ ਗਿਆ ਹੈ, ਉਸ ਦਾ ਸੰਬੰਧ ਸਿੱਖ ਧਰਮ ਨਾਲ ਹੈ। ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਵੰਡ ਛਕਣਾ ਆਦਿ ਗੁਰਸਿਖੀ ਜੀਵਨ ਦੇ ਪ੍ਰਮੁੱਖ ਲੱਛਣ ਹਨ। ਜਿਥੋਂ ਤੱਕ ਵਾਰਤਕ ਦੀ ਸ਼ੈਲੀ ਦਾ ਸੰਬੰਧ ਹੈ ਉਹ ਬੜੇ ਸਧਾਰਨ ਪੱਧਰ ਦੀ ਹੈ। ਭਾਸ਼ਾ ਦੇ ਪੱਖ ਤੋਂ ਪੰਜਾਬੀ, ਹਿੰਦੀ ਅਤੇ ਸਾਧ-ਭਾਸ਼ਾ ਆਦਿ ਦਾ ਮਿਸ਼ਰਣ ਹੈ।

ਸਾਖੀਆਂ ਭਾਈ ਅੱਡਣ ਜੀ ਕੀਆਂ ਪੁਸਤਕ ਵਿਚਲੇ ਬਹੁਤ ਸਾਰੇ ਪ੍ਰਸੰਗ ਗੁਰੂਆਂ, ਸੰਤਾਂ, ਭਗਤਾਂ ਅਤੇ ਮਹਾਂਪੁਰਸ਼ਾਂ ਨਾਲ ਸੰਬੰਧ ਰੱਖਦੇ ਹਨ। ਭਾਈ ਅੱਡਣ ਸ਼ਾਹ ਭਾਈ ਕਨ੍ਹਈਏ ਦੁਆਰਾ ਚਲਾਏ 'ਸੇਵਾ ਪੰਥ' ਦੇ ਇਕ ਬੜੇ ਪ੍ਰਤਾਪੀ ਸੰਤ ਸਨ। ਭਾਈ ਅੱਡਣ ਸ਼ਾਹ ਆਪਣੇ ਸੇਵਾਮਈ ਸੁਭਾਅ ਕਾਰਣ ਏਨੇ ਪ੍ਰਸਿੱਧ ਹੋਏ ਕਿ ਇਸ ਸੰਪਰਦਾਇ ਨੂੰ ਇਕ ਹੋਰ ਨਾਂ 'ਅੱਡਣਸ਼ਾਹੀ ਸੰਪਰਦਾਇ' ਨਾਲ ਯਾਦ ਕੀਤਾ ਜਾਣ ਲੱਗਾ। ਇਹਨਾਂ ਸਾਖੀਆਂ ਦਾ ਵਿਸ਼ਾ ਵਸਤੂ ਅਜਿਹੇ ਗੁਣਾਂ ਤੇ ਚਾਨਣਾ ਪਾਉਂਦਾ ਹੈ ਜਿਹਨਾਂ ਨੂੰ ਗ੍ਰਹਿਣ ਕਰਨ ਨਾਲ ਮਨੁੱਖ ਆਪਣੀ ਸਧਾਰਨ ਹੋਂਦ ਤੋਂ ਉਪਰ ਉਠ ਕੇ ਮਹਾਮਨੁੱਖ ਜਾਂ ਗੁਰਮੁਖ ਦੇ ਗੁਣਾਂ ਧਾਰਣੀ ਹੋ ਜਾਂਦਾ ਹੈ। ਇਹਨਾਂ ਸਾਖੀਆਂ ਦੀ ਬੋਲੀ ਸਰਲ ਹੈ। ਭਾਸ਼ਾ ਵਿਚ ਭਾਵੇਂ ਪੰਜਾਬੀ ਦਾ ਰੰਗ ਦਿਸਦਾ ਹੈ ਪਰ ਸਮੁੱਚੇ ਤੌਰ ਤੇ ਇਸਨੂੰ ਸੰਤ ਭਾਸ਼ਾ ਦਾ ਨਾਮ ਦਿੱਤਾ ਜਾ ਸਕਦਾ ਹੈ।

ਟੀਕੇ :

ਅਠਾਰ੍ਹਵੀਂ ਸਦੀ ਦੀ ਵਾਰਤਕ ਦਾ ਇਕ ਹੋਰ ਪ੍ਰਮੁੱਖ ਵਰਗ ਹੈ ਟੀਕਿਆ ਦਾ। ਇਹਨਾਂ ਟੀਕਿਆਂ ਵਿਚ ਗੁਰਬਾਣੀ ਦੀਆਂ ਤੁਕਾਂ ਦੀ ਵਿਆਖਿਆ ਸਰਲ ਸ਼ਬਦਾਂ ਵਿਚ ਕੀਤੀ ਜਾਂਦੀ ਹੈ। ਇਹਨਾਂ ਟੀਕਿਆਂ ਨੂੰ ਲਿਖਣ ਦੀ ਸ਼ੁਰੂਆਤ ਸੋਢੀ ਮਿਹਰਬਾਨ (ਗੁਰੂ ਅਰਜਨ ਦੇਵ ਜੀ ਦਾ ਭਤੀਜਾ) ਦੀ ਲਿਖੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਤੋਂ ਸ਼ੁਰੂ ਹੋਈ। 'ਗਿਆਨ ਰਤਨਾਵਲੀ' ਅਤੇ ਸਿੱਖਾਂ ਦੀ ਭਗਤਮਾਲਾ' ਭਾਈ ਗੁਰਦਾਸ ਦੀਆਂ ਵਾਰਾਂ ਦੇ ਇਕ ਪ੍ਰਕਾਰ ਦੇ ਟੀਕੇ ਹੀ ਮਿਥੇ ਜਾਂਦੇ ਹਨ। ਭਾਈ ਸੂਰਤ ਸਿੰਘ ਦੇ ਟੀਕੇ ਜਿਵੇਂ ਟੀਕਾ ਜਪੁਜੀ, ਟੀਕਾ ਆਸਾ ਦੀ ਵਾਰ, ਟੀਕਾ ਸਿਧ ਗੋਸ਼ਟਿ, ਟੀਕਾ ਪਟੀ ਆਦਿ ਵਿਸ਼ੇਸ਼ ਮਹੱਤਵ ਰੱਖਦੇ ਹਨ। ਸੁਆਮੀ ਆਨੰਦਘਣ ਇਸ ਕਾਲ ਦਾ ਟੀਕਾਕਾਰ ਹੈ ਜਿਹਨਾਂ ਵਿਚੋਂ ਜਪੁਜੀ, ਆਰਤੀ, ਓਅੰਕਾਰ ਅਤੇ ਆਸਾ ਦੀ ਵਾਰ ਦੇ ਟੀਕੇ ਇਸ ਸਦੀ ਦੇ ਅੰਤ ਵਿਚ ਲਿਖੇ ਗਏ ਹਨ। ਗੁਰਬਾਣੀ ਦੀਆਂ ਰਚਨਾਵਾਂ ਤੋਂ ਇਲਾਵਾ ਕੁਝ ਹੋਰ ਟੀਕੇ ਵੀ ਮਿਲਦੇ ਹਨ ਜਿਵੇਂ - ਟੀਕਾ ਭਗਤਮਾਲਾ, ਟੀਕਾ ਸਪਤ ਸਲੋਕੀ ਗੀਤਾ, ਟੀਕਾ ਵਿਵੇਕ ਦੀਪਕਾ।

ਰਹਿਤਨਾਮੇ ਤੇ ਹੁਕਮਨਾਮੇ :

ਰਹਿਤਨਾਮੇ ਵਿਚ ਸਿੱਖ ਧਰਮ ਦੀ ਮਰਿਯਾਦਾ ਨੂੰ ਚਿਤਰਿਆ ਗਿਆ ਹੈ। ਇਹਨਾਂ ਨੂੰ ਲਿਖਣ ਵਾਲੇ ਗੁਰੂ ਗੋਬਿੰਦ ਸਿੰਘ ਦੇ ਨੇੜਲੇ ਸਿੱਖ ਸਨ ਜਿਹਨਾਂ ਨੂੰ ਸਿੱਖ ਮਰਯਾਦਾ ਦਾ ਠੀਕ ਠਾਕ ਗਿਆਨ ਸੀ। ਗੁਰਬਾਣੀ ਜਿੱਥੇ ਅੰਦਰਲੀ ਰਹਿਤ ਮਰਿਯਾਦਾ ਨਾਲ ਸੰਬੰਧਤ ਸੀ ਉਥੇ ਰਹਿਤਨਾਮੇ ਵਿਚ ਬਾਹਰਲੀ ਮਰਿਯਾਦਾ ਦਾ ਜ਼ਿਕਰ ਹੈ। ਇਹਨਾਂ ਵਿਚ ਰਹਿਤ ਮਰਯਾਦਾ ਦੇ ਨੁਕਤਿਆ ਉਤੇ ਵਧੇਰੇ ਬਲ ਹੈ : ਅੰਮ੍ਰਿਤ ਛਕਣ, ਪੰਜ ਕਕਾਰ (ਕੜਾ, ਕਿਰਪਾਣ, ਕਛਹਿਰਾ, ਕੇਸ, ਕੰਘਾ) ਧਾਰਨ ਕਰਨ, ਦਸਤਾਰ ਸਜਾਉਣਾ, ਅੰਮ੍ਰਿਤ ਵੇਲੇ ਇਸ਼ਨਾਨ ਕਰਨਾ, ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਕਿਰਤ ਕਰਨੀ ਤੇ ਵੰਡ ਛਕਣਾ, ਦਸਵੰਧ ਕਢਣਾ, ਸੇਵਾ ਕਰਨੀ, ਹਰ ਕਾਰਜ ਆਰੰਭ ਕਰਨ ਲੱਗਿਆ ਗੁਰੂ ਅੱਗੇ ਅਰਦਾਸ ਕਰਨੀ ਅਤੇ ਗੁਰੂ ਗ੍ਰੰਥ ਦੇ ਹੁਕਮਾਂ ਦਾ ਪਾਲਣ ਕਰਨਾ। ਮੁੱਢਲੇ ਰਹਿਤਨਾਮਾ ਲੇਖਕ ਭਾਈ ਪ੍ਰਹਿਲਾਦ ਸਿੰਘ, ਭਾਈ ਨੰਦ ਲਾਲ ਅਤੇ ਭਾਈ ਜੱਸਾ ਸਿੰਘ ਦੇ ਰਹਿਤਨਾਮੇ ਕਵਿਤਾ ਵਿਚ ਲਿਖੇ ਹਨ, ਜਦਕਿ ਭਾਈ ਚੋਪਾ ਸਿੰਘ ਅਤੇ ਭਾਈ ਦਯਾ ਸਿੰਘ ਦੇ ਰਹਿਤਨਾਮੇ ਵਾਰਤਕ ਵਿਚ ਹਨ।

ਉਪਰੋਕਤ ਰਹਿਤਨਾਮਿਆਂ ਤੋਂ ਇਲਾਵਾ ਦੋ ਹੋਰ ਰਹਿਤਨਾਮਿਆਂ ਦੀਆਂ ਪੁਸਤਕਾਂ ਹਨ - 'ਪ੍ਰੇਮ ਸੁਮਾਰਗ ਗ੍ਰੰਥ' ਅਤੇ 'ਪਰਮ ਮਾਰਗ ਗ੍ਰੰਥ'। 'ਪ੍ਰੇਮ ਸੁਮਾਰਗ ਗ੍ਰੰਥ' ਦੇ ਰਚਨਹਾਰੇ ਤੇ ਰਚਨਾ-ਕਾਲ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਦੇ ਦੋਨਾਂ ਅਧਿਆਇ ਵਿਚ ਜਨਮ ਤੋਂ ਲੈ ਕੇ ਮਰਨ ਤੱਕ ਜਿਹਨਾਂ ਮਰਯਾਦਾਵਾਂ ਦਾ ਪਾਲਣ ਕਰਨਾ ਜ਼ਰੂਰੀ ਹੈ, ਉਹਨਾਂ ਦਾ ਵਰਨਣ ਹੈ। ਇਸੇ ਤਰ੍ਹਾਂ ਹੀ ਪਰਮ ਮਾਰਗ ਗ੍ਰੰਥ ਦੇ ਵੀ ਰਚਨਾ-ਕਾਲ ਅਤੇ ਲੇਖਕ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਪਰ ਭਾਸ਼ਾ-ਸ਼ੈਲੀ ਦੇ ਅਧਾਰ ਤੇ ਡਾ. ਤਰਲੋਚਨ ਸਿੰਘ ਬੇਦੀ ਨੇ ਇਸਨੂੰ ਅਠਾਰ੍ਹਵੀਂ ਸਦੀ ਦੇ ਪੂਰਬ ਮੱਧ ਦੀ ਰਚਨਾ ਮੰਨਿਆ ਹੈ। ਇਸ ਦੇ ਸੱਤ ਅਧਿਆਇ ਸਿੱਖ ਦੀ ਰਹਿਤ ਮਰਿਯਾਦਾ ਨਾਲ ਸੰਬੰਧਤ ਹਨ। ਇਹਨਾਂ ਦੀ ਬੋਲੀ ਭਾਵੇਂ ਆਮ ਬੋਲਚਾਲ ਵਾਲੀ ਪੰਜਾਬੀ ਹੈ ਪਰ ਸੰਤ ਭਾਸ਼ਾ ਦਾ ਪ੍ਰਭਾਵ ਵੀ ਸਪੱਸ਼ਟ ਹੈ।

ਹੁਕਮਨਾਮਾ :

ਹੁਕਮਨਾਮੇ ਵੀ ਰਹਿਤਨਾਮਾ ਦੀ ਤਰ੍ਹਾਂ ਪੁਰਾਣੀ ਵਾਰਤਕ ਦੇ ਨਮੂਨੇ ਹਨ। ਇਹ ਆਦੇਸ਼ ਦੀ ਸ਼ੈਲੀ ਵਿਚ ਗੁਰੂਆਂ ਦਾ ਗੁਰੂਮਾਤਾਵਾਂ ਵੱਲੋਂ ਸਿੱਖਾਂ ਨੂੰ ਲਿਖੇ ਗਏ ਪੱਤਰ ਹਨ ਜਿਹਨਾਂ ਵਿੱਚ ਕੋਈ ਸੂਚਨਾ ਦਿੱਤੀ ਅਤੇ ਫਰਮਾਇਸ਼ ਤੇ ਤਾਕੀਦ ਕੀਤੀ ਗਈ ਹੁੰਦੀ ਹੈ। ਹੁਕਮਨਾਮਾ ਇਕ ਜਾਂ ਇਕ ਤੋਂ ਵਧੇਰੇ ਵਿਅਕਤੀਆਂ ਨੂੰ ਸੰਬੋਧਨ ਕੀਤਾ ਹੁੰਦਾ ਸੀ। ਬੰਦਾ ਬਹਦਰ, ਮਾਤਾ ਗੁਜਰੀ, ਮਾਤਾ ਸੁੰਦਰੀ ਅਤੇ ਸਾਹਿਬ ਦੋਵਾਂ ਵਲੋਂ ਸਿੱਖਾਂ ਨੂੰ ਜਾਰੀ ਕੀਤੇ ਪੱਤਰਾਂ ਲਈ ਵੀ ਇਹੀ ਸ਼ਬਦ ਵਰਤਿਆ ਜਾਂਦਾ ਰਿਹਾ ਹੈ। ਹੁਕਮਾਨਿਆਂ ਦੇ ਵਿਸ਼ੇ ਆਮ ਤੌਰ ਤੇ ਭਾਸ਼ਾ ਬਾਰੇ, ਧਰਮ ਬਾਰੇ, ਸਿੱਖ ਸੰਪ੍ਰਦਾਇ ਦੇ ਅੰਦਰਲੇ ਵਾਤਾਵਰਣ ਬਾਰੇ, ਗੁਰੂ-ਸਿੱਖ ਸੰਬੰਧਾਂ ਬਾਰੇ, ਸਿੱਖਾਂ ਦੀ ਆਰਥਿਕ, ਸਮਾਜਿਕ ਤੇ ਧਾਰਮਿਕ ਸਥਿਤੀ ਨਾਲ ਸੰਬੰਧਤ ਹਨ। ਪਹਿਲਾਂ-ਪਹਿਲਾਂ ਹੁਕਮਨਾਮਿਆਂ ਦੀ ਭਾਸ਼ਾ ਜ਼ਿਆਦਾਤਰ ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਸੀ ਪਰ ਬਾਅਦ ਵਿਚ ਹੁਕਮਨਾਮਿਆਂ ਵਿਚ ਸਰਲਤਾ ਆਉਂਦੀ ਗਈ।

ਅਨੁਵਾਦ :

ਪੁਰਾਤਨ ਪੰਜਾਬੀ ਵਾਰਤਕ ਦੀ ਮਹੱਤਵਪੂਰਣ ਵੰਨਗੀ ਹੈ। ਇਸ ਸਮੇਂ ਦੂਜੀਆਂ ਭਾਸ਼ਾਵਾਂ ਵਿਚ ਰਚੀਆਂ ਕਲਾਸਕੀ ਪੁਸਤਕਾਂ ਦੇ ਮਹੱਤਵ ਨੂੰ ਸਵੀਕਾਰ ਕਰਦੇ ਹੋਏ ਉਹਨਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ। ਇਹ ਅਨੁਵਾਦ ਸੇਵਾ ਪੰਥੀ, ਉਦਾਸੀ ਅਤੇ ਨਿਰਮਲੇ ਸਾਧਾਂ ਦੇ ਯਤਨਾਂ ਦੁਆਰਾ ਹੋਂਦ ਵਿਚ ਆਏ। ਇਸ ਸਮੇਂ ਦੀਆਂ ਕੁਝ ਮਹੱਤਵਪੂਰਨ ਅਨੁਵਾਦਿਤ ਰਚਨਾਵਾਂ ਜਿਵੇਂ ਪਾਰਸ ਭਾਗ, ਸਿੰਘਾਸਨ ਬਤੀਸੀ, ਵਿਵੇਕ ਸਿੰਧੂ, ਇਸਨੂੰ ਪੁਰਾਣ, ਭਾਗਵਤ ਗੀਤਾ, ਯੱਗ ਵਸ਼ਿਸ਼ਟ, ਮਸਕਵੀ ਮਿਲਵਾਂ ਭਾਖਾ ਤੇ ਮਾਰ ਕੰਡੇ ਪੁਰਾਣ ਆਦਿ ਹਨ। ਇਹਨਾਂ ਰਚਨਾਵਾਂ ਦੀ ਭਾਸ਼ਾ ਪੰਜਾਬੀ ਬ੍ਰਜੀ ਤੇ ਸੰਤ ਭਾਸ਼ਾ ਮਿਲਦੇ ਰੂਪ ਹੈ ਤਾਂ ਵੀ ਗੁਰਮੁਖੀ ਅੱਖਰਾਂ ਵਿਚ ਮਿਲਦੇ ਇਹ ਅਨੁਵਾਦ ਆਮ ਪੰਜਾਬੀ ਬੋਲਦੇ ਵਿਅਕਤੀ ਲਈ ਸਹਾਇਕ ਹਨ।

ਇਹਨਾਂ ਵੰਨਗੀਆਂ ਤੋਂ ਇਲਾਵਾ ਇਸ ਕਾਲ ਦੀਆਂ ਵੰਨਗੀਆਂ ਉਥਾਨਿਕਾ, ਗੋਸ਼ਟ, ਬਚਨ ਜਾਂ ਸੁਖਨ ਹਨ। ਉਥਾਨਿਕਾ ਦਾ ਸੰਬੰਧ ਭਾਵੇਂ ਗੁਰਬਾਣੀ ਨਾਲ ਹੈ ਪਰ ਇਸ ਵਿਚ ਉਸ ਪਿਛੋਕੜ ਨੂੰ ਚਿਤਰਿਆ ਜਾਂਦਾ ਹੈ ਜਿਸ ਵਿਚ ਕਿਸੇ ਖਾਸ ਬਾਣੀ ਜਾਂ ਸ਼ਬਦ ਦਾ ਉਚਾਰਣ ਕੀਤਾ ਗਿਆ ਹੋਵੇ। ਅਠਾਰ੍ਹਵੀਂ ਸਦੀ ਦੀਆਂ ਦੋ ਉਥਾਨਿਕਾਵਾਂ ਅਣਛਪੇ ਰੂਪ ਵਿੱਚ

ਮਿਲਦੀਆਂ ਹਨ ਅਤੇ ਦੋਵੇਂ 'ਉਥਾਨਿਕਾ' ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹਨ। ਇਸ ਕਾਲ ਵਿਚ ਕੁਝ ਹੋਰ ਵੀ ਉਪਯੋਗੀ ਵਾਰਤਕ ਪੁਸਤਕਾਂ ਵੀ ਲਿਖੀਆਂ ਗਈਆਂ ਜਿਵੇਂ - ਪੋਥੀ ਸਲੋਤਾਰ ਕੀ, ਯੋਗ ਚਿੰਤਾ-ਮਣੀ ਗ੍ਰੰਥ, ਗੁਲਮ ਰੋਗ ਪ੍ਰਤੀਕਾਰ ਆਦਿ। ਪਰ ਸਾਹਿਤਕ ਦ੍ਰਿਸ਼ਟੀ ਤੋਂ ਇਹਨਾਂ ਦੀ ਕੋਈ ਖਾਸ ਵਿਸ਼ੇਸ਼ਤਾ ਨਹੀਂ ਹੈ ਅਤੇ ਇਹਨਾਂ ਦੀ ਬੋਲੀ ਵੀ ਹਿੰਦੀ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਸ ਕਾਲ ਦੀ ਵਾਰਤਕ ਦਾ ਵਧੇਰੇ ਸੰਬੰਧ ਸਿੱਖ ਧਰਮ ਨਾਲ ਹੈ। ਜਨਮਸਾਖੀਆਂ, ਸਾਖੀਆਂ, ਗੋਸ਼ਟਾ, ਪਰਮਾਰਥ, ਬਚਨ ਤੇ ਸੁਖਨ, ਟੀਕੇ ਤੇ ਅਨੁਵਾਦ ਆਦਿ ਕਈ ਵਾਰਤਕ ਵੰਨਗੀਆਂ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਮਹੱਤਵਪੂਰਣ ਯੋਗਦਾਨ ਪਾਉਂਦੀਆਂ ਹਨ।

ਧਾਰਮਿਕ ਕਾਵਿ-ਧਾਰਾ :

18ਵੀਂ ਸਦੀ ਦੇ ਧਾਰਮਿਕ ਕਾਵਿ ਨੂੰ ਚਾਰਾ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ (1) ਇਸਲਾਮੀ ਕਾਵਿ (2) ਹਿੰਦੂ ਕਾਵਿ (3) ਸਿੱਖ ਕਾਵਿ (4) ਭਗਤੀ ਕਾਵਿ। ਇਸਲਾਮੀ ਕਾਵਿ ਵਿਚ ਇਸਲਾਮ ਧਰਮ ਦੀ ਸ਼ਰਾ, ਸ਼ਰੀਅਤ, ਮਿਥਿਹਾਸ ਅਤੇ ਧਰਮੀ ਸ਼ਖਸੀਅਤਾ ਦੇ ਫੋਰਜ਼ਾ ਉਤੇ ਚਾਨਣਾ ਪਾਇਆ ਗਿਆ। ਇਸ ਕਾਲ ਦੇ ਪ੍ਰਸਿੱਧ ਕਿੱਸਾਕਾਰ ਮੁਕਬਲ ਅਤੇ ਹਾਮਦ ਦੁਆਰਾ ਇਸ ਪ੍ਰਕਾਰ ਦੇ ਕਾਵਿ ਦੀ ਰਚਨਾ ਕੀਤੀ ਮਿਲਦੀ ਹੈ। ਇਹਨਾਂ ਤੋਂ ਇਲਾਵਾ ਫਰਦ ਫ਼ਕੀਰ ਅਤੇ ਗੁਲਾਮ ਕਾਦਿਰਸ਼ਾਹ ਦਾ ਨਾਂ ਉਲੇਖਯੋਗ ਹੈ। ਹਿੰਦੂ ਕਾਵਿ ਤੋਂ ਭਾਵ ਉਹ ਕਵਿਤਾ ਹੈ ਜਿਸ ਵਿਚ ਹਿੰਦੂ ਧਰਮ ਦੇ ਅਵਤਾਰਾਂ ਅਤੇ ਦੇਵਤਿਆਂ ਦਾ ਚਿਤ੍ਰਣ ਹੋਵੇ। ਇਸਨੂੰ ਅੱਗੇ ਦੋ ਸ਼ਖਾਵਾਂ ਵਿੱਚ ਵੰਡਿਆ ਜਾਂਦਾ ਹੈ (1) ਰਾਮ-ਕਾਵਿ (2) ਬਾਰਮਾਹ ਸ੍ਰੀ ਰਾਮਚੰਦਰ ਜੀ। ਇਸ ਤੋਂ ਇਲਾਵਾ ਕ੍ਰਿਸ਼ਨ ਕਾਵਿ ਭਗਤੀ ਕਾਵਿ ਤੇ ਸਿੱਖ ਕਾਵਿ ਵੀ ਹੋਂਦ ਵਿੱਚ ਆਇਆ। ਸਿੱਖ ਕਾਵਿ ਦੇ ਅੰਤਰਗਤ ਗੁਰੂ ਇਤਿਹਾਸ, ਗੁਰੂ ਮਹਿੰਮਾ ਅਤੇ ਗੁਰੂ ਬਿਲਾਸ ਰਚੇ ਗਏ। ਇਹ ਬ੍ਰਜ ਭਾਸ਼ਾ ਵਿਚ ਰਚੇ ਹੋਣ ਕਰਕੇ ਇਹਨਾਂ ਦਾ ਮਹੱਤਵ ਪੰਜਾਬੀ ਸਾਹਿਤ ਦੇ ਇਤਿਹਾਸ ਲਈ ਨਾਂ ਮਾਤਰ ਹੈ। ਇਸ ਤਰ੍ਹਾਂ ਹੀ ਇਸ ਕਾਲ ਦੇ ਭਗਤੀ ਕਾਵਿ ਦਾ ਕੋਈ ਕਾਵਿ ਸੰਗ੍ਰਹਿ ਜਾਂ ਬਾਣੀ ਦੀ ਪੋਥੀ ਨਹੀਂ ਮਿਲਦੀ। ਕੇਵਲ ਸ਼ਬਦ ਜਾਂ ਸਲੋਕ ਮਿਲਦੇ ਹਨ। ਕੁੱਲ ਮਿਲਾ ਕੇ ਇਸ ਸਦੀ ਦੇ ਧਾਰਮਿਕ ਕਾਵਿ ਦੀ ਕੋਈ ਉਲੇਖਯੋਗ ਪ੍ਰਾਪਤੀ ਨਹੀਂ ਹੈ।

ਸਹਾਇਕ ਪੁਸਤਕਾਂ

1. ਕੋਇਲ ਕੂ — ਬਾਵਾ ਬੁੱਧ ਸਿੰਘ
2. ਸਯਦ ਵਾਰਿਸ ਸ਼ਾਹ — ਸ.ਸ. ਅਮੋਲ
3. ਮੁਕਬਲ — ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
4. ਪੰਜਾਬੀ ਸਾਹਿਤ ਦਾ ਇਤਿਹਾਸ — ਡਾ. ਸੁਰਿੰਦਰ ਸਿੰਘ ਕੋਹਲੀ
5. ਵਾਰਿਸ਼ ਸ਼ਾਹ ਅੰਕ — ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
6. ਕਿੱਸਾ ਕਾਵਿ ਅੰਕ — ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
7. ਕਿੱਸਾ ਕਾਵਿ ਅੰਕ — ਸਾਹਿਤ ਸਮਾਚਾਰ
8. ਬੀਰ ਕਾਵਿ ਅੰਕ — ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
9. ਬੀਰ ਕਾਵਿ ਅੰਕ — ਸਾਹਿਤ ਸਮਾਚਾਰ

ਮਹਾਰਾਜਾ ਰਣਜੀਤ ਸਿੰਘ ਕਾਲ ਦਾ ਸਾਹਿਤ (1800-1860)

ਇਸ ਤੋਂ ਪਹਿਲੇ ਪਾਠਾਂ ਰਾਹੀਂ ਤੁਸੀਂ ਪਿਛਲੇਰੇ ਮੁਗਲ ਕਾਲ ਤੱਕ ਦੇ ਪੰਜਾਬੀ ਸਾਹਿਤ ਸੰਬੰਧੀ ਜਾਣਕਾਰੀ ਪ੍ਰਾਪਤ ਕਰ ਚੁੱਕੇ ਹੋ। ਖਾਲਸਾ ਰਾਜ ਦੀ ਸਥਾਪਨਾ ਭਾਵੇਂ ਇਤਿਹਾਸਕ ਤੌਰ ਤੇ ਇਕ ਮਹਾਨ ਘਟਨਾ ਸੀ, ਪਰੰਤੂ ਸਾਹਿਤ ਦੇ ਪਿੜ ਵਿਚ ਇਸ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਪੈ ਸਕਿਆ। ਇਸ ਦਾ ਸਪੱਸ਼ਟ ਕਾਰਣ ਇਹ ਹੈ ਕਿ ਮਹਾਰਾਜਾ ਸਾਹਿਬ ਦਾ ਵਧੇਰੇ ਸਮਾਂ ਸਦੀਆਂ ਤੋਂ ਗੁਲਾਮੀ ਹੇਠਾਂ ਲਿਤਾੜੇ ਲੋਕਾਂ ਨੂੰ ਜੰਗੀ ਖੇਤਰ ਵਿਚ ਤਿਆਰ-ਬਰ-ਤਿਆਰ ਕਰਨਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਰਾਜਨੀਤਿਕ ਮਜ਼ਬੂਰੀਆਂ ਕਰਕੇ ਸਰਕਾਰੀ ਭਾਸ਼ਾ ਫ਼ਾਰਸੀ ਰਹਿਣ ਦਿੱਤੀ। ਸਿੱਟੇ ਵਜੋਂ ਇਸ ਕਾਲ ਦੇ ਸਾਹਿਤ ਦਾ ਭਾਸ਼ਾ ਪੱਖੋ ਰੰਗ ਰੂਪ ਪਹਿਲੇ ਜਿਹਾ ਹੀ ਰਿਹਾ। ਹਾਂ, ਵਿਸ਼ੇ ਪੱਖੋਂ ਜਿਥੇ ਕਿੱਸਾ ਕਾਵਿ ਪਹਿਲਾਂ ਵਾਂਗੂੰ ਹੀ ਲਿਖਿਆ ਜਾਂਦਾ ਰਿਹਾ ਉਥੇ ਸੂਫ਼ੀ ਸਾਹਿਤ ਦੀ ਪਹਿਲਾਂ ਜੇਹੀ ਸ਼ਾਨ ਨਾ ਰਹੀ। ਇਸ ਸੰਬਧੀ ਆਪ ਨੂੰ ਇਸ ਪਾਠ ਵਿਚ ਭਰਪੂਰ ਜਾਣਕਾਰੀ ਦਿੱਤੀ ਜਾਵੇਗੀ।

ਵਿਦਿਆਰਥੀ ਇਹ ਸੋਚਣਗੇ ਕਿ ਮਹਾਰਾਜਾ ਸਾਹਿਬ ਦੀ ਮ੍ਰਿਤੂ 1839 ਈ. ਵਿਚ ਹੋ ਗਈ ਸੀ, ਫਿਰ ਇਹ ਕਾਲ 1860 ਈ. ਤੀਕ ਕਿਵੇਂ ਮਿਥਿਆ ਗਿਆ। ਮਹਾਰਾਜਾ ਸਾਹਿਬ ਦੀ ਮੌਤ ਪਿੱਛੋਂ ਵੀ ਲਗਭਗ ਪੰਜਾਬੀ ਸਮਾਜ ਮਹਾਰਾਜ ਦੇ ਸਮੇਂ ਜੇਹਾ ਹੀ ਰਿਹਾ। ਇਸ ਲਈ ਸਾਹਿਤ ਦਾ ਮੂੰਹ ਮੜੰਗਾ ਵੀ 1860 ਤੀਕ ਪਹਿਲੇ ਜਿਹਾ ਹੀ ਰਿਹਾ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਸਮਾਜਿਕ ਤੇ ਇਤਿਹਾਸਕ ਦਸ਼ਾ

ਡਾ. ਗੋਪਾਲ ਸਿੰਘ ਦਰਦੀ ਨੇ ਸਿੱਖ ਰਾਜ ਦਾ ਜ਼ਮਾਨਾ ਜਾਂ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ 1800 ਈ. ਤੋ 1860 ਈ. ਤਕ ਨਿਯਤ ਕੀਤਾ ਹੈ। ਕਈ ਸੌ ਵਰ੍ਹੇ ਤਕ ਪੰਜਾਬ ਪਠਾਣਾਂ ਲੋਧੀਆਂ ਤੇ ਮੁਗਲਾਂ ਦਾ ਗੁਲਾਮ ਰਿਹਾ, ਇਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬੀਆਂ ਨੇ ਬਹੁਤ ਦੇਰ ਤੋਂ ਬਾਅਦ ਮੁੜ ਆਜ਼ਾਦੀ ਦੇ ਵਾਤਾਵਰਣ ਵਿਚ ਪ੍ਰਵੇਸ਼ ਕਰਕੇ ਸੁੱਖ ਦਾ ਸਾਹ ਲੈਣਾ ਸ਼ੁਰੂ ਕੀਤਾ। ਰਣਜੀਤ ਸਿੰਘ ਨੇ ਸਾਰੀਆਂ ਹੀ ਛੋਟੀਆਂ ਤਾਕਤਾਂ ਆਪਣੇ ਅਧੀਨ ਕਰ ਲਈਆਂ ਅਤੇ ਲਾਹੌਰ ਨੂੰ ਸਾਂਝੇ ਪੰਜਾਬੀ ਰਾਜ ਦਾ ਕੇਂਦਰ ਬਣਾਇਆ। ਇਹ ਸਮਾਂ ਸਮੁੱਚੇ ਤੌਰ ਤੇ ਅਮਨ ਅਤੇ ਸ਼ਾਂਤੀ ਦਾ ਸਮਾਂ ਸੀ ਕਿਉਂਕਿ ਮਹਾਰਾਜੇ ਨੇ ਦੇਸ਼ ਵਿਚਲੀ ਬਦ-ਅਮਲੀ ਨੂੰ ਆਪਣੀ ਸਿਆਣਪ ਨਾਲ ਦੂਰ ਕਰ ਦਿੱਤਾ ਸੀ। ਪਰ ਇਹ ਸਭ ਕੁਝ ਹੁੰਦਿਆਂ ਵੀ ਅਸੀ ਇਹ ਨਹੀਂ ਕਹਿ ਸਕਦੇ ਕਿ ਇਸ ਸਮੇਂ ਵਿਚ ਪੰਜਾਬੀ ਅਮਨ ਤੇ ਸ਼ਾਂਤੀ ਦਾ ਜੀਵਨ ਜੀਉਂਦੇ ਰਹੇ। ਇਹ ਠੀਕ ਹੈ ਕਿ ਉਹਨਾਂ ਦਾ ਨਿਤ ਦਿਹਾੜੇ ਦਾ ਜੀਵਨ ਸ਼ਾਂਤੀ ਭਰਪੂਰ ਜੀਵਨ ਸੀ, ਪਰ ਕਿਉਂਕਿ ਮਹਾਰਾਜੇ ਨੂੰ ਕਈ ਵਿਰੋਧੀ ਤਾਕਤਾਂ ਨਾਲ ਟੱਕਰ ਲੈਣੀ ਪਈ ਇਸ ਲਈ ਪੰਜਾਬੀ ਸਦਾ ਹੀ ਲੜਾਈਆਂ ਵਿਚ ਰੁੱਝੇ ਰਹੇ। ਇਸ ਲਈ ਸਰਕਾਰ ਆਪਣਾ ਧਿਆਨ ਸਾਹਿਤ ਦੀ ਉੱਨਤੀ ਵਲ ਨਹੀਂ ਦੇ ਸਕੀ।

ਮਹਾਰਾਜਾ ਰਣਜੀਤ ਸਿੰਘ ਦੂਰ ਦ੍ਰਿਸ਼ਟੀ ਅਤੇ ਉਚੇ ਗਿਆਨ ਦਾ ਮਾਲਕ ਸੀ। ਉਹ ਵਿਦਵਾਨਾਂ ਦੀ ਬੜੀ ਕਦਰ ਕਰਦਾ ਸੀ। ਲੇਖਕਾਂ ਅਤੇ ਕਵੀਆਂ ਦਾ ਉਤਸ਼ਾਹ ਵਧਾਉਣ ਲਈ ਉਹ ਇਨਾਮ ਵਜੋਂ ਜਾਗੀਰ ਦਿਆ ਕਰਦਾ ਸੀ। ਇਹੋ ਕਾਰਣ ਹੈ ਕਿ ਮਹਾਰਾਜੇ ਦੇ ਸਮੇਂ ਕਈ ਕਵੀ ਤੇ ਲੇਖਕ ਹੋਂਦ ਵਿਚ ਆਏ। ਜਿਥੇ ਬੀਰ-ਰਸੀ ਤੇ ਦੇਸ਼ ਪਿਆਰ ਦੀ ਕਵਿਤਾ ਰਚੀ ਗਈ ਉਥੇ ਸੂਫੀਆਂ ਤੇ ਕਿੱਸਾਕਾਰਾਂ ਨੇ ਵੀ ਕਾਫ਼ੀ ਸਾਹਿਤ ਦੀ ਰਚਨਾ ਕੀਤੀ। ਪੰਜਾਬੀ ਬੋਲੀ ਵਧੇਰੇ ਠੇਠ ਹੋ ਗਈ। ਉਹਦਾ ਠੁੱਕ ਬੱਝ ਗਿਆ ਅਤੇ ਕਵੀਆਂ ਦਾ ਬਿਆਨ ਵਧੇਰੇ ਲਚਕ ਵਾਲਾ ਤੇ ਸੋਚ ਭਰਪੂਰ ਹੋ ਗਿਆ। ਉਸ ਸਮੇਂ ਦਰਬਾਰੀ ਬੋਲੀ ਫ਼ਾਰਸੀ ਸੀ ਜਿਸ ਵਿਚ ਕਵਿਤਾ ਉਤੇ ਫ਼ਾਰਸੀ ਦਾ ਅਸਰ ਵੀ ਪੈਂਦਾ ਰਿਹਾ। ਸਾਡੇ ਗੁਆਂਢ ਵਿਚ ਦਿੱਲੀ ਅਤੇ ਹੋਰ ਸਾਰੇ ਭਾਰਤ ਵਿਚ ਅੰਗਰੇਜ਼ਾਂ ਦਾ ਰਾਜ ਹੋਣ ਕਰਕੇ ਅੰਗਰੇਜ਼ੀ ਦੇ ਪ੍ਰਭਾਵ ਨਾਲ ਅੰਗਰੇਜ਼ੀ ਬੋਲੀ ਦੇ ਸ਼ਬਦਾਂ ਨੇ ਵੀ ਪੰਜਾਬੀ ਵਿਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬੀ ਵਿਚ ਪੰਜਾਬੀ-ਪੁਣਾ ਜਾਗਣ ਕਰਕੇ ਉਰਦੂ ਫ਼ਾਰਸੀ ਦੀ ਓਪਰੀ ਜੇਹੀ ਰੰਗਤ ਚੜ੍ਹਣੀ ਬੰਦ ਹੋ ਗਈ ਅਤੇ ਬ੍ਰਿਜ ਭਾਸ਼ਾ ਤੇ ਹਿੰਦੀ ਸੰਸਕ੍ਰਿਤ ਦਾ ਅਸਰ ਵੱਧਣ ਲਗਾ ਕਿਉਕਿ ਉਸ ਸਮੇਂ ਸਭਿਆਚਾਰ ਦਾ ਕੇਂਦਰ ਕਾਸ਼ੀ ਸੀ ਅਤੇ ਹਿੰਦੂ ਸਿੱਖ ਵਿਦਵਾਨ ਉਥੇ ਜਾ

ਕੇ ਵਿਦਿਆ ਪ੍ਰਾਪਤ ਕਰਦੇ ਸਨ।

ਇਸ ਸਮੇਂ ਦਾ ਸਭ ਤੋਂ ਪ੍ਰਸਿੱਧ ਕਵੀ ਹਾਸ਼ਮ ਸੀ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਹੋਣ ਦਾ ਮਾਣ ਪ੍ਰਾਪਤ ਹੋਇਆ ਦਸਿਆ ਜਾਂਦਾ ਹੈ।

2. ਕਿੱਸਾ ਕਵੀ ਹਾਸ਼ਮ

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਸਭ ਤੋਂ ਪ੍ਰਸਿੱਧ ਕਵੀ ਹਾਸ਼ਮ ਸੀ। ਬਾਵਾ ਬੁੱਧ ਸਿੰਘ ਅਨੁਸਾਰ ਇਸ ਦਾ ਜਨਮ 1752 ਈ. ਵਿਚ ਹੋਇਆ । ਹਾਸ਼ਮ ਸੂਫ਼ੀ ਕਵੀ ਹੁੰਦਿਆਂ ਇਕ ਚੰਗਾ ਕਿੱਸਾਕਾਰ ਵੀ ਸੀ। ਮੌਲਾ ਬਖਸ਼ ਕੁਸ਼ਤਾ ਦੇ ਕਥਨ ਅਨੁਸਾਰ ਹਾਸ਼ਮ ਹਾਜੀ ਮੁਹੰਮਦ ਸ਼ਰੀਫ ਮਹਸੂਨ ਦਾ ਪੁੱਤਰ ਸੀ। ਇਸ ਦਾ ਜਨਮ ਜਗਦੇਉ ਕਲਾਂ, ਜ਼ਿਲ੍ਹਾਂ ਅੰਮ੍ਰਿਤਸਰ ਵਿਚ ਹੋਇਆ। ਇਹ ਜਾਤ ਦਾ ਕੁਰੈਸ਼ੀ ਸੀ ਤੇ ਤਰਖਾਣ ਦਾ ਕੰਮ ਕਰਨ ਵਾਲਾ ਸੀ। ਉਹ ਜੋਤਸ਼ ਵਿਦਿਆ ਵਿਚ ਵੀ ਕੁਝ ਦਿਲਚਸਪੀ ਰੱਖਦਾ ਸੀ। ਕਿਹਾ ਜਾਂਦਾ ਹੈ ਕਿ ਹਾਸ਼ਮ ਨੇ ਮਹਾਰਾਜੇ ਦੇ ਇਕ ਬਹਾਦਰ ਜਰਨੈਲ ਸ. ਮਹਾਂ ਸਿੰਘ ਦੇ ਚਲਾਣੇ ਪਿੱਛੋਂ ਇਕ ਵਾਰ ਲਿਖੀ ਜਿਸ ਨੂੰ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਦਰਬਾਰੀ ਕਵੀ ਬਣਾ ਲਿਆ। ਇਸ ਤਰ੍ਹਾਂ ਰਾਜ ਦਰਬਾਰ ਵਿਚ ਉਸ ਦਾ ਮਾਣ ਸਤਿਕਾਰ ਵੱਧਦਾ ਗਿਆ।

ਸ਼ੀਰੀ ਫ਼ਰਹਾਦ, ਲੈਲਾ ਮਜਨੂੰ, ਸੋਹਣੀ ਮਹੀਂਵਾਲ, ਸੱਸੀ ਪੰਨੂੰ, ਡਿਉਢਾਂ ਆਦਿ ਹਾਸ਼ਮ ਦੀਆਂ ਪ੍ਰਸਿੱਧ ਰਚਨਾਵਾਂ ਹਨ। ਪਹਿਲੇ ਤਿੰਨ ਕਿੱਸੇ ਅਜਿਹੇ ਹਨ ਜਿਨ੍ਹਾਂ ਦੀ ਰਚਨਾ ਸਭ ਤੋਂ ਪਹਿਲਾਂ ਹਾਸ਼ਮ ਨੇ ਕੀਤੀ ਹੈ। ਕੇਵਲ ਸੱਸੀ ਪੰਨੂੰ ਹੀ ਇਕ ਅਜਿਹਾ ਕਿੱਸਾ ਹੈ ਜੋ ਹਾਸ਼ਮ ਤੋਂ ਪਹਿਲਾਂ ਵੀ ਪੰਜਾਬੀ ਵਿਚ ਲਿਖਿਆ ਜਾ ਚੁੱਕਿਆ ਸੀ। ਹਾਸ਼ਮ ਨੇ ਇਹ ਕਿੱਸੇ ਲਿਖਦਿਆਂ ਹੋਇਆਂ ਆਪਣੀ ਕਾਵਿ-ਕਲਾ ਦੀ ਪਰਿਪੱਕਤਾ ਦਾ ਬੜਾ ਸੁਹਣਾ ਸਬੂਤ ਦਿੱਤਾ ਹੈ।

ਹਾਸ਼ਮ ਨੇ ਇਸ਼ਕੀਆ ਰੰਗ ਦੀ ਕਵਿਤਾ ਰਚੀ ਹੈ ਅਤੇ ਅਜਿਹੀ ਕਵਿਤਾ ਆਮ ਕਰਕੇ ਸਰਦਾਰਾਂ ਅਤੇ ਜਾਗੀਰਦਾਰਾਂ ਦੇ ਦਿਲ-ਪਰਚਾਵੇ ਲਈ ਲਿਖੀ ਜਾਇਆ ਕਰਦੀ ਸੀ। ਅਸਲ ਵਿਚ ਹਾਸ਼ਮ ਪ੍ਰੇਮ ਅਤੇ ਬਿਰਹੋਂ ਦਾ ਕਵੀ ਹੈ। ਜਿਥੇ ਜਿਥੇ ਉਸ ਦੇ ਕਿੱਸਿਆਂ ਵਿਚ ਪ੍ਰੇਮ ਅਤੇ ਬਿਰਹਾ ਆਇਆ ਹੈ ਉਥੇ ਉਸ ਦੀ ਕਾਵਿ ਕਲਾ ਆਪਣੇ ਪੂਰੇ ਜੋਬਨ ਤੇ ਹੈ। ਭਾਵੇਂ ਉਹ ਪ੍ਰਮਾਤਮਾ ਵਿਚ ਵੀ ਵਿਸ਼ਵਾਸ ਰਖਦਾ ਹੈ ਅਤੇ ਕਈ ਥਾਵਾਂ ਤੇ ਉਸ ਨੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਵੀ ਕੀਤਾ ਹੈ ਅਤੇ ਇਸ਼ਕ ਹਕੀਕੀ ਬਾਰੇ ਵੀ ਲਿਖਿਆ ਹੈ ਪਰੰਤੂ ਇਸ਼ਕ ਮਜਾਜ਼ੀ ਉਸ ਦਾ ਪ੍ਰਧਾਨ ਵਿਸ਼ਾ ਹੈ। ਕਿਤੇ ਕਿਤੇ ਉਹ ਇਸ਼ਕ ਮਿਜਾਜ਼ੀ ਨੂੰ ਇਸ਼ਕ ਹਕੀਕੀ ਤੋਂ ਅਧਿਕ ਕਠਿਨ ਵੀ ਸਮਝਦਾ ਹੈ। ਉਸ ਦਾ ਕਥਨ ਹੈ :

ਰੱਬ ਦਾ ਆਸ਼ਕ ਹੋਣ ਸੁਖਾਲਾ, ਇਹ ਬਹੁਤ ਸੁਖਾਲੀ ਬਾਜ਼ੀ।
ਗੋਸ਼ਾ ਪਕੜ ਰਹੇ ਹੋ ਸਾਬਰ, ਫੜ ਤਸਪ ਬਣੇ ਨਮਾਜ਼ੀ।
ਸੁਖ ਆਰਾਮ ਜਗਤੁ ਵਿਚ ਸ਼ੋਭਾ ਨਾਲ ਵੇਖ ਹੋਵੇ ਜਗ ਰਾਜ਼ੀ।
ਹਾਸ਼ਮ ਖਾਕ ਰੁਲਾਵੇ ਗਲੀਆਂ, ਇਹ ਕਾਫ਼ਰ ਇਸ਼ਕ ਮਜਾਜ਼ੀ।

ਇਥੇ ਹਾਸ਼ਮ ਦੀਆਂ ਪ੍ਰਸਿੱਧ ਰਚਨਾਵਾਂ ਬਾਰੇ ਵੱਖੋ ਵੱਖਰੀ ਸੰਖੇਪ ਜਾਣਕਾਰੀ ਹਾਸਿਲ ਕਰਨਾ ਉਚਿਤ ਹੀ ਹੋਵੇ ਗਾ।

ਕਿੱਸਾ ਸੱਸੀ ਪੁੰਨੂੰ

ਤੀਬਰ ਅਤੇ ਪਵਿੱਤਰ ਪ੍ਰੇਮ ਅਤੇ ਬਿਰਹਾ ਦਾ ਸਭ ਤੋਂ ਸਫ਼ਲ ਪ੍ਰਗਟਾ ਉਸ ਦੇ ਕਿੱਸੇ, ਸੱਸੀ ਪੁੰਨੂ ਵਿਚ ਹੋਇਆ ਹੈ। ਹਾਸ਼ਮ ਦਾ ਇਹ ਕਿੱਸਾ ਵਧੇਰੇ ਲੋਕ-ਪ੍ਰਿਯ ਅਤੇ ਕਾਵਿ-ਕਲਾ ਦੇ ਪੱਖ ਤੋਂ ਬਹੁਤ ਸਫ਼ਲ ਹੈ। ਇਸ ਕਿੱਸੇ ਵਿਚ ਕਵੀ ਨੇ ਸੱਸੀ ਦੇ ਆਦਰਸ਼ਕ ਇਸ਼ਕ ਦੀ ਤੀਬਰਤਾ ਤੇ ਪ੍ਰਚੰਡਤਾ ਦਾ ਬੜਾ ਪ੍ਰਭਾਵਸ਼ਾਲੀ ਵਰਣਨ ਕੀਤਾ ਹੈ।ਹਾਸ਼ਮ ਦੀ ਕਾਵਿ-ਕਲਾ ਦਾ ਵਿਸ਼ੇਸ਼ ਗੁਣ ਇਹ ਹੈ ਕਿ ਉਹ ਹੱਥਲੇ ਵਿਸ਼ੇ ਨੂੰ ਵਾਰਿਸ ਸ਼ਾਹ ਵਾਂਗੂੰ ਪੇਤਲਾ ਨਹੀ ਹੋਣ ਦੇਂਦਾ ਸਗੋਂ ਕੁਝ ਬੁਰਸ਼ ਛੁਹਾਂ ਨਾਲ ਹੀ ਕੁਝ ਕਹਿਣ ਦੀ ਸ਼ਕਤੀ ਰੱਖਦਾ ਹੈ। ਭਾਵੇਂ ਇਹ ਵਰਣਨ ਸੰਖੇਪ ਹੀ ਹੈ। ਪਰੰਤੂ ਕਵੀ ਨੇ ਬੜੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਸੱਸੀ ਦੇ ਆਚਰਣ ਦੀ ਦ੍ਰਿੜ੍ਹਤਾ ਨੂੰ ਭਲੀ ਭਾਂਤ ਸਪਸ਼ਟ ਕਰ ਦਿੱਤਾ। ਪ੍ਰਮਾਣ ਵਜੋਂ ਇਹ ਪੰਕਤੀਆਂ ਵੇਖੋ :

---

1. ਵਧੇਰੇ ਲੋਕ ਮਲੂਕ ਕਹਿੰਦੇ ਹਨ ਪਰ ਹਾਸ਼ਮ ਨੇ ਗੁਲਾਬ ਵਰਤਿਆ ਹੈ।

ਨਾਜ਼ਕ ਪੈਰ ਗੁਲਾਬ' ਸੱਸੀ ਦੇ
ਮਹਿੰਦੀ ਨਾਲ ਸਿੰਗਾਰੇ।
ਮਾਰੂ ਰੇਤ ਤਪੇ ਵਿਚ ਥਲ ਦੇ,
ਜਿਉਂ ਜੌ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿਚ ਬਦਲੀ,
ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ,
ਸਿਦਕੋਂ ਮੂਲ ਨਾ ਹਾਰੇ।

ਬਿਰਹਾ ਵਿਚ ਪੀੜਤ ਪਾਤਰਾਂ ਦਾ ਚਿੱਤਰ ਹਾਸ਼ਮ ਬੜੇ ਸੰਖੇਪ ਪਰੰਤੂ ਭਾਵਪੂਰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਖਿੱਚਦਾ ਹੈ। ਵਿਯੋਗ ਵਿਚ ਪੀੜਤ ਪ੍ਰਚੰਡ ਪ੍ਰੇਮ ਭਾਵਨਾ ਵਾਲੇ ਸਿਦਕਵਾਨ ਪ੍ਰੇਮੀ ਪਾਠਕ ਦੀਆਂ ਅੱਖਾਂ ਸਾਹਮਣੇ ਆ ਜਾਂਦੇ ਹਨ। ਥਲ ਵਿਚ ਲੂਛਦੀ ਸੱਸੀ ਦਾ ਵਰਣਨ ਕਵੀ ਨੇ ਕਿੰਨੇ ਢੁੱਕਵੇਂ ਸ਼ਬਦਾਂ ਵਿਚ ਕੀਤਾ ਹੈ :

ਕੁਝ ਬਹਿੰਦੀ ਕੁਠ ਡਿਗਦੀ ਢਹਿੰਦੀ,
ਉਠਦੀ ਤੇ ਦਮ ਲੈਂਦੀ
ਜਿਉਂ ਕਰ ਤੋਟ ਸ਼ਰਾਬੋਂ ਆਵੇ,
ਫੇਰ ਅਗਾਂਹ ਵਲ ਵੈਂਹਦੀ,

ਕਿੱਸਾ ਸੋਹਣੀ ਮਹੀਂਵਾਲ

ਸੋਹਣੀ ਮਹੀਂਵਾਲ ਦਾ ਕਿੱਸਾ ਲਿਖਦਿਆਂ ਕਵੀ ਨੇ ਪਾਤਰਾਂ ਦੇ ਚਰਿੱਤਰ ਵਲ ਬਹੁਤ ਘੱਟ ਧਿਆਨ ਦਿੱਤਾ ਹੈ। ਇਸ ਕਿੱਸੇ ਵਿਚ ਉਸ ਨੇ ਸੰਖੇਪਤਾ ਅਤੇ ਸੰਜਮ ਨੂੰ ਪੂਰੀ ਤਰ੍ਹਾਂ ਨਿਭਾਇਆ ਹੈ। ਸ਼ਬਦ-ਗੋਂਦ ਅਜਿਹੀ ਸੁੰਦਰ ਹੈ ਕਿ ਇਕ ਸ਼ਬਦ ਨੂੰ ਵੀ ਇਧਰ ਉਧਰ ਕੀਤਿਆਂ ਸਾਰਾ ਸੁਆਦ ਕਿਰਕਿਰਾ ਹੋ ਜਾਂਦਾ ਹੈ। ਕਵਿਤਾ ਦੀ ਬੋਲੀ ਮਿੱਠੀ, ਪੱਕੀ ਸੁਝਾਓ, ਘਰੋਗੀ ਅਤੇ ਆਮ ਵਰਤੋਂ ਦੇ ਅਲੰਕਾਰਾਂ ਨਾਲ ਜੁੜੀ ਹੋਈ ਹੈ। ਬਿਰਹਾ ਦਾ ਵਰਣਨ ਇਸ ਕਿੱਸੇ ਵਿਚ ਪੂਰੇ ਤਾਣ ਨਾਲ ਕੀਤਾ ਗਿਆ ਹੈ। ਜਿਉਂ ਜਿਉਂ ਸੋਹਣੀ ਦੀ ਸੁੰਦਰਤਾ ਨਿਖਰਦੀ ਹੈ ਤਿਉਂ ਤਿਉਂ ਮਹੀਂਵਾਲ ਦੀ ਤੜਪ ਵੱਧਦੀ ਹੈ।

ਜਿਉਂ ਜਿਉਂ ਹੋਸ਼ ਸੋਹਣੀ ਵਿਚ ਆਵੇ, ਜੁਲਫਾਂ ਫੜਨ ਸਿਆਹੀ।
ਹਰ ਹਰ ਵਾਲ ਬਣੀ ਇਕ ਆਫ਼ਤ, ਦਰਦ ਮੰਦਾਂ ਦੀ ਫ਼ਾਹੀ।
ਖ਼ੂਨੀ ਨੈਣ ਵਧੇਰੇ ਹੋਵਣ ਤੀਰ ਅੰਦਾਜ਼ ਸਿਪਾਹੀ।
'ਹਾਸ਼ਮ' ਮਹੀਂਵਾਲ ਨੂੰ ਤਿਉ ਤਿਉ ਆਵੇ ਪੇਸ਼ ਤਬਾਹੀ।

ਕਿੱਸਾ ਸ਼ੀਰੀ ਫ਼ਰਹਾਦ

'ਸ਼ੀਰੀ ਫ਼ਰਹਾਦ' ਦੇ ਕਿੱਸੇ ਵਿਚ ਵੀ ਕਵੀ ਨੇ ਬਿਆਨ ਦੀ ਰਵਾਨਗੀ ਕਾਫ਼ੀ ਹੱਦ ਤਕ ਨਿਭਾਈ ਹੈ। ਪਰ ਇਸ ਵਿਚ 'ਸੱਸੀ' ਜਾਂ 'ਸੋਹਣੀ' ਦੇ ਕਿੱਸੇ ਵਰਗੇ ਕਾਵਿ-ਚਮਤਕਾਰ ਦਿਖਾਈ ਨਹੀਂ ਦਿੰਦੇ। ਕਿਤੇ ਕਿਤੇ ਬਿਆਨ ਵਿਚ ਕਾਫ਼ੀ ਚਮਕ ਪੈਦਾ ਹੋ ਗਈ ਹੈ। ਪਰ ਸਮੁੱਚੇ ਤੌਰ ਤੇ ਇਹ ਕਿੱਸਾ ਬੋਲੀ ਦੀ ਠੇਠਤਾ ਅਤੇ ਬਿਆਨ ਦੀ ਸਾਦਗੀ ਦੇ ਕਾਰਣ ਖਿੱਚ ਭਰਿਆ ਹੈ ਅਤੇ ਠੇਠ ਬੋਲੀ ਦੇ ਕਾਰਣ ਕਈ ਤੁਕਾਂ ਮੁਹਾਵਰੇ ਦਾ ਰੂਪ ਧਾਰਨ ਕਰ ਲੈਦੀਆਂ ਹਨ :

ਹਾਸ਼ਮ ਇਸ਼ਕ ਸੁਖਾਲਾ ਨਾਹੀਂ, ਮਰ ਕੇ ਆਸ਼ਕ ਥੀਂਦੇ।
ਇਸ਼ਕ ਛੁਪਾਇਆਂ ਛੁਪਦਾ ਨਾਹੀਂ, ਭਾਹਨਾ ਛੁਪਦੀ ਕੱਖੀਂ।

ਦੋਹੜੇ ਤੇ ਡਿਉਢਾਂ

ਦੋਹੜੇ ਤੇ ਡਿਉਢਾਂ ਲਿਖਦੇ ਹੋਇਆਂ ਕਵੀ ਨੇ ਪ੍ਰੇਮ ਪੀੜ, ਫਿਰਾਕ ਦੇ ਕੀਰਨੇ ਅਤੇ ਵਸਲ ਦੇ ਸਿੱਕਦਾ ਵਰਣਨ ਸੋਹਣੀ ਤਰ੍ਹਾਂ ਕੀਤਾ ਹੈ। ਉਸ ਦੇ ਵਿਚਾਰ ਅਨੁਸਾਰ ਇਸ਼ਕ ਕਰਨਾ ਜ਼ਿੰਦਗੀ ਦੀ ਬਾਜ਼ੀ ਖੇਡਣ ਦੇ ਸਮਾਨ ਹੈ।

ਸੰਭਲ ਖੇਤ ਸੰਭਾਲ ਇਸ਼ਕ ਦਾ,
ਹੁਣ ਨਿਕਲੀ ਤੇਗ ਮਿਆਨੋਂ।

ਪੀ ਮਰ ਜ਼ਹਿਰ ਪਿਆਲੀ ਭਰ ਕੇ,
ਜੋ ਲਈ ਹੋਈ ਏਸ ਦੁਕਾਨੋਂ ।
ਸਿਰ ਦੇਵਣ ਦਾ ਸਾਕ ਇਸ਼ਕ ਦਾ,
ਹੋਰ ਨਫ਼ਾ ਨਾ ਅਕਲ ਗਿਆਨੋਂ ।
ਹਾਸ਼ਮ ਬਾਝ ਮੋਇਆਂ ਨਹੀਂ ਬਣਦੀ,
ਅਸੀਂ ਡਿੱਠਾ ਵੇਦ ਕੁਰਾਨੋਂ।

ਆਸ਼ਕ ਨੂੰ ਭਾਵੇਂ ਦੁਖੀ ਹੋਣਾ ਪੈਂਦਾ ਹੈ ਪਰ ਕਵੀ ਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਦੁਖ ਹੀ ਅਸਲੀ ਸੁੱਖ ਹੈ। ਅਸਲੀ ਸੁੱਖ ਦੀ ਪ੍ਰਾਪਤੀ ਵੀ ਇਸ ਦੁੱਖ ਨੂੰ ਵਸੀਲਾ ਬਣਾ ਕੇ ਹੀ ਹੁੰਦੀ ਹੈ। ਇਸ ਲਈ ਉਹ ਕਹਿੰਦਾ ਹੈ :

ਜੇ ਦੁੱਖ ਪ੍ਰੇਮ ਤੈਨੂੰ ਹੱਥ ਆਇਆ,
ਖੁਸ਼ਦਿਲ ਹੋ ਕਰ ਸ਼ੁਕਰ ਖੁਦਾ ਦਾ ।

ਇਸ਼ਕ ਭਾਵੇਂ ਦੁੱਖ ਹੈ ਜਾਂ ਸੁੱਖ ਪਰ ਇਸ ਦੀ ਪ੍ਰਾਪਤੀ ਪ੍ਰਮਾਤਮਾ ਦੀ ਮਿਹਰ ਤੋਂ ਬਿਨਾਂ ਨਹੀਂ ਹੋ ਸਕਦੀ। ਰੱਬ ਦੀ ਬਖਸ਼ਿਸ਼ ਨਾਲ ਹੀ ਪਿਆਰੇ ਦੇ ਪਿਆਰ ਦਾ ਇਹ ਦਰ ਖੁਲ੍ਹਦਾ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ਮਨੁੱਖ ਯਤਨ ਕਰਨਾ ਛੱਡ ਦੇਵੇ। ਯਤਨ ਕਰਨਾ ਮਨੁੱਖ ਦਾ ਪਹਿਲਾ ਫਰਜ਼ ਹੈ। ਬਿਨਾਂ ਉਸ ਦੀ ਮਿਹਰ ਦੇ ਯਤਨਾਂ ਨੂੰ ਫਲ ਨਹੀਂ ਲੱਗਦੇ। ਇਸ ਲਈ ਚਾਹੀਦਾ ਹੈ ਕਿ ਆਪਣੀ ਧੁਨ ਵਿਚ ਪੱਕਾ ਰਹਿ ਕੇ ਉਸ ਅੱਗੇ ਅਰਜ਼ੋਈਆਂ ਕਰ ਕੇ ਉਸ ਦੀ ਬਖਸ਼ਿਸ਼ ਦਾ ਪਾਤਰ ਬਣੇ :

ਹੈ ਤਕਦੀਰ ਵਲੋਂ ਸਭ ਲਿਖਿਆ,
ਪਰ ਬਿਨ ਅਸਬਾਬ ਨਾ ਹੋਵੇ।
ਹਾਸ਼ਮ ਬਾਝ ਮਲਾਹ ਨਾ ਬੇੜੀ,
ਅਤੇ ਪਾਸ ਨਦੀ ਬਹਿ ਰੋਵੇ।

ਹਾਸ਼ਮ ਦੇ ਕਥਨ ਅਨੁਸਾਰ ਆਸ਼ਕ ਤਪਦਾ ਹੈ, ਦੁੱਖੀ ਹੁੰਦਾ ਹੈ, ਲੁੱਛਦਾ ਤੇ ਤੜਪਦਾ ਹੈ। ਉਹ ਅਭੁੱਲ ਹੀ ਇਸ ਰੰਗ ਵਿਚ ਨਹੀਂ ਫਸ ਗਿਆ ਹੁੰਦਾ ਸਗੋਂ ਇਹ ਫ਼ਾਹੀ ਉਸ ਨੇ ਜਾਣ ਬੁੱਝ ਕੇ ਆਪਣੇ ਗਲ ਪਾਈ ਹੁੰਦੀ ਹੈ। ਉਸ ਦੀ ਸੂਝ ਹੀ ਉਸ ਨੂੰ ਦੁੱਖ ਸਹੇੜਨ ਲਈ ਪ੍ਰੇਰਦੀ ਹੈ :

ਤੈਨੂੰ ਹੁਸਨ ਖਰਾਬ ਕਰੇਂਦਾ ਤੇ ਮੈਨੂੰ ਸਮਝ ਸਤਾਇਆ,
ਜਿਉਂ ਜਿਉਂ ਆਣ ਹੁਸਨ ਦੀਆਂ ਸਮਝਾਂ
ਮੈਨੂੰ ਉਠਦਾ ਸੂਲ ਸਵਾਇਆ।

ਹਾਸ਼ਮ ਦੀ ਭਾਸ਼ਾ ਮੂਲ ਰੂਪ ਵਿਚ ਭਾਵੇਂ ਠੇਠ ਅਤੇ ਸਰਲ ਹੈ, ਪਰੰਤੂ ਉਸ ਉੱਤੇ ਉਰਦੂ ਫ਼ਾਰਸੀ ਅਤੇ ਕੁਝ ਕੁ ਲਹਿੰਦੀ ਦਾ ਪ੍ਰਭਾਵ ਵੀ ਹੈ। ਆਮ ਤੌਰ ਤੇ ਕਿੱਸਿਆਂ ਦੇ ਮੁੱਢ ਵਿਚ ਇਹ ਪ੍ਰਭਾਵ ਅਧਿਕ ਦ੍ਰਿਸ਼ਟੀਗੋਚਰ ਹੁੰਦਾ ਹੈ। ਪਰੰਤੂ ਜਿਉਂ ਜਿਉਂ ਕਥਾ ਵਿਕਾਸ ਕਰਦੀ ਹੈ ਉਸ ਦੀ ਭਾਸ਼ਾ ਠੇਠ ਅਤੇ ਸਫ਼ਲ ਹੁੰਦੀ ਜਾਂਦੀ ਹੈ। ਪ੍ਰਮਾਣ ਵਜੋਂ ਸੱਸੀ ਪੁੰਨੂੰ ਦੇ ਕਿੱਸੇ ਦੀਆਂ ਪਹਿਲੀਆਂ ਪੰਕਤੀਆਂ ਵੇਖੋ :

ਹਿਕਮਤ ਉਸ ਖੁਦਾਵੰਦ ਵਾਲੀ ਮਾਲਕ ਮਲਕ ਦਾ।
ਲੱਖ ਕਰੋੜ ਕਰਨ ਚਤਰਾਈ ਕੋਈ ਪਛਾਣ ਨਾ ਸਕਦਾ।
ਕੁਦਰਤ ਨਾਲ ਰਹੇ ਸਰਗਰਦਾਂ ਦਾਇਮ ਖਰਚ ਫ਼ਲਕ ਦਾ।

ਪਰੰਤੂ ਬਾਅਦ ਵਿਚ ਉਸ ਦੀ ਭਾਸ਼ਾ ਬਹੁਤ ਠੇਠ ਅਤੇ ਸਰਲ ਹੋ ਗਈ ਹੈ। ਸੰਖੇਪਤਾ ਹਾਸ਼ਮ ਦੀ ਕਾਵਿ-ਸ਼ੈਲੀ ਦਾ ਇਕ ਪ੍ਰਮੁੱਖ ਗੁਣ ਹੈ, ਭਾਵੇਂ ਕਿਤੇ ਕਿਤੇ ਇਹ ਔਗੁਣ ਪ੍ਰਤੀਤ ਹੁੰਦਾ ਹੈ। ਕਿੱਸੇ ਵਰਗੇ ਕਲਾਤਮਕ ਕਾਵਿ ਵਿਚ ਵਿਸਤਾਰ ਪੂਰਵਕ ਵਰਣਨ ਨੂੰ ਹੀ ਅਧਿਕ ਪ੍ਰਧਾਨਤਾ ਦਿੱਤੀ ਜਾਂਦੀ ਹੈ ਕਿਉਂਕਿ ਨਾਇਕਾ ਨਾਇਕ ਅਤੇ ਕਹਾਣੀ ਦੇ ਹੋਰ ਪ੍ਰਸੰਗਾਂ ਨੂੰ ਇਕ ਨਿਸ਼ਚਿਤ ਵਿਸਥਾਰ ਵਿਚ ਬਿਆਨ ਕਰਨ ਨਾਲ ਹੀ ਕਵੀ ਪਾਤਰਾਂ ਦੇ ਚਰਿੱਤਰ, ਰਚਨਾ ਦਾ ਉਦੇਸ਼ ਅਤੇ ਕਾਵਿ-ਰਸਾਂ ਦੀ ਸਫ਼ਲ ਉਤਪਤਿ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕਦਾ ਹੈ। ਭਾਵੇਂ ਹਾਸ਼ਮ ਦੇ ਕਿੱਸਿਆਂ

ਵਿਚ ਪ੍ਰਾਪਤ ਹੋਣ ਵਾਲੇ ਪਰੰਪਰਾਗਤ ਵਿਸਥਾਰ ਨੂੰ ਨਹੀਂ ਅਪਣਾਇਆ ਪਰੰਤੂ ਫਿਰ ਵੀ ਉਸ ਨੇ ਸੰਖੇਪ ਪਰੰਤੂ ਪ੍ਰਭਾਵਸ਼ਾਲੀ ਚਿਤ੍ਰਣ ਨਾਲ ਹੀ ਉਪਰੋਕਤ ਸਾਰੇ ਉਦੇਸ਼ ਪ੍ਰਾਪਤ ਕਰ ਲਏ ਹਨ। ਥੋੜ੍ਹੇ ਜਿਹੇ ਸ਼ਬਦਾਂ ਵਿਚ ਹੀ ਉਹ ਕਿਸੇ ਘਟਨਾ ਦੀ ਗੰਭੀਰਤਾ ਨੂੰ ਸਫ਼ਲਤਾ ਪੂਰਵਕ ਉਘਾੜ ਸਕਦਾ ਹੈ। ਪ੍ਰਮਾਣ ਵਜੋਂ ਇਹ ਪੰਕਤੀਆਂ ਵੇਖੋ :

ਓੜਕ ਵਕਤ ਕਹਿਰ ਦੀਆਂ ਕੂਕਾਂ ਸੁਣ ਪੱਥਰ ਢਲ ਜਾਵੇ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਸ਼ਾਲਾ ਮਰ ਦੋਜ਼ਖ ਵਲ ਜਾਵੇ।
ਯਾ ਉਸ ਨੇਹੁੰ ਲਗੇ ਵਿਚ ਵਿਰਹੋਂ, ਵਾਂਗ ਸੱਸੀ ਜਲ ਜਾਵੇ।
ਹਾਸ਼ਮ ਮੌਤ ਪਵੇ ਕਾਰਵਾਨਾ, ਤੁਖਮ ਜ਼ਮੀਨੋਂ ਜਾਵੇ।

ਸ਼ੀਰੀ ਫ਼ਰਹਾਦ ਦੇ ਕਿੱਸੇ ਵਿਚ ਕਵੀ ਨੇ ਦੋਹਾ ਅਥਵਾ ਦੱਵਈਆ ਛੰਦ ਵਰਤਿਆ ਹੈ। 'ਸੱਸੀ ਪੁੰਨੂੰ' ਅਤੇ 'ਸੋਹਣੀ ਮਹੀਵਾਲ' ਵਿਚ ਦਵੱਈਆ ਛੰਦ ਦੀ ਵਰਤੋਂ ਹੀ ਕੀਤੀ ਗਈ ਹੈ ਅਤੇ ਚਾਰ-ਚਾਰ ਕਾਵਿ ਪੰਕਤੀਆਂ ਦਾ ਕਾਵਿ-ਬੰਦ ਬਣਾਇਆ ਗਿਆ ਹੈ। ਛੰਦ ਪ੍ਰਯੋਗ ਵਿਚ ਕਵੀ ਨੂੰ ਕਾਫ਼ੀ ਸਫ਼ਲਤਾ ਮਿਲੀ ਹੈ।

ਹਾਸ਼ਮ ਨੇ ਆਪਣੀ ਕਵਿਤਾ ਵਿਚ ਘਰੋਗੀ ਚਿੰਨ੍ਹ ਵਰਤੇ ਹਨ ਜਿਵੇਂ ਹੀਰ ਰਾਂਝਾ, ਚੰਨ ਚਕੋਰ, ਸਾਵਣ ਰੁੱਤਾਂ, ਅੱਗ ਪਪੀਹਾ, ਦੀਪਕ, ਲੈਲਾ ਮਜਨੂੰ, ਖੇਤੀ, ਕੁਜਾ, ਮਲਾਹ, ਸਮੁੰਦਰ ਆਦਿ।

ਦੋਹੜਿਆਂ ਵਿਚ ਕਵੀ ਦਾ ਹੁਨਰ ਪੱਕਾ, ਨਿਖਰਵਾਂ ਅਤੇ ਸਹਿਜ ਸੁਭਾਅ ਵਾਲਾ ਹੈ। ਕਿਤੇ ਕਚਿਆਈ ਨਹੀ ਅਤੇ ਨਾ ਹੀ ਕਿਤੇ ਇਹ ਪ੍ਰਭਾਵ ਦੇਂਦਾ ਹੈ ਕਿ ਕਵੀ ਕੋਸ਼ਿਸ਼ ਕਰ ਕੇ ਲਿਖ ਰਿਹਾ ਹੈ। ਕਿਤੇ ਵੀ ਕਵਿਤਾ ਦਿਲ ਨੂੰ ਪਿੱਛੇ ਤੋਰਨ ਵਿਚ ਅਸਫਲ ਨਹੀਂ ਰਹਿੰਦੀ।

3 ਕਿੱਸਾ-ਕਵੀ ਅਹਿਮਦ ਯਾਰ (1768 ਈ. ਤੋਂ 1835 ਈ.)

ਸਿੱਖ ਰਾਜ ਦੇ ਸਮੇਂ ਦਾ ਦੂਸਰਾ ਕਵੀ ਅਹਿਮਦਯਾਰ ਸੀ। ਇਸ ਦਾ ਜਨਮ ਗੁਜਰਾਤ (ਪਾਕਿਸਤਾਨ) ਦੇ ਇਕ ਪਿੰਡ ਇਸਲਾਮ ਗੜ੍ਹ ਵਿਚ ਹੋਇਆ। ਬਾਪ ਦਾਦੇ ਦਾ ਜੱਦੀ ਕਿੱਤਾ ਖੇਤੀਬਾੜੀ ਇਸ ਨੂੰ ਪਸੰਦ ਨਾ ਆਇਆ ਅਤੇ ਉਂਜ ਵੀ ਆਪਣੇ ਪਿੰਡ ਦੀ ਇਕ ਇਸਤਰੀ ਨਾਲ ਪ੍ਰੇਮ ਹੋਣ ਕਰਕੇ ਬਦਨਾਮੀ ਤੋਂ ਡਰਦਾ ਹੋਇਆ ਪਿੰਡ ਛੱਡ ਕੇ ਮੁਰਾਲੇ ਜਾ ਟਿਕਿਆ। ਇਥੇ ਹੀ ਇਸ ਨੇ ਕਵਿਤਾ ਰਚਣੀ ਆਰੰਭ ਕੀਤੀ। ਅਹਿਮਦਯਾਰ ਇਕ ਕਵੀ ਹੋਣ ਦੇ ਨਾਲ ਨਾਲ ਇਕ ਆਲੋਚਕ ਵੀ ਸੀ ਅਤੇ ਉਸ ਨੇ ਆਪਣੀ ਕਵਿਤਾ ਵਿਚ ਆਪਣੇ ਤੋਂ ਪਹਿਲਾਂ ਹੋਏ ਕਵੀਆਂ ਦੀ ਥੋੜ੍ਹੀ ਬਹੁਤ ਪਰਖ ਸਿੱਧੇ ਸਾਦੇ ਸ਼ਬਦਾਂ ਵਿਚ ਕੀਤੀ ਹੈ। ਇਹ ਉਸ ਸਮੇਂ ਦੇ ਪ੍ਰਸੰਗ ਵਿਚ ਇਸ ਦੀ ਵਿਸ਼ੇਸ਼ ਪ੍ਰਾਪਤੀ ਕਹੀ ਜਾ ਸਕਦੀ ਹੈ।

ਅਹਿਮਦਯਾਰ ਨੇ ਆਪਣੇ ਤੋਂ ਪਹਿਲਾਂ ਹੋਏ ਕਵੀਆਂ ਤੋਂ ਵਧੇਰੇ ਕਵਿਤਾ ਰਚੀ ਹੈ। ਉਸ ਦੀਆਂ ਚੋਣਵੀਆਂ ਰਚਨਾਵਾਂ ਦੇ ਨਾਂ ਇਹ ਹਨ : ਹੀਰ, ਯੂਸਫ਼ ਜ਼ੁਲੈਖਾ, ਕਾਮਰੂਪ, ਰਾਜ ਬੀਬੀ, ਹਾਤਮਤਾਈ ਆਦਿ। ਫ਼ਾਰਸੀ ਅਰਬੀ ਦਾ ਵਿਦਵਾਨ ਹੋਣ ਕਰਕੇ 'ਹੀਰ' ਤੋਂ ਬਿਨਾਂ ਬਾਕੀ ਸਾਰੀਆਂ ਰਚਨਾਵਾਂ ਉਤੇ ਫ਼ਾਰਸੀ ਦਾ ਪ੍ਰਭਾਵ ਅਧਿਕ ਹੈ। ਇਸ ਨੇ ਬੜੀ ਸੂਝ ਨਾਲ ਤੋਲ ਤੇ ਤੁਕਾਂਤ ਨੂੰ ਨਿਭਾਣ ਦਾ ਸਫ਼ਲ ਯਤਨ ਕੀਤਾ ਹੈ। ਇਸ ਨੇ ਉਪਮਾਵਾਂ ਦੀ ਵਰਤੋਂ ਬੜੀ ਚੰਗੀ ਤਰ੍ਹਾਂ ਕੀਤੀ ਹੈ। ਪਰ ਵਿਦਵਾਨ ਹੋਣ ਕਰਕੇ ਕਵਿਤਾ ਰਚਨ ਨਾਲੋਂ ਵਿਦਵਾਨ ਦੇ ਪ੍ਰਗਟਾਵੇ ਵਲ ਵਧੇਰੇ ਧਿਆਨ ਦਿੱਤਾ ਹੈ। ਹਾਸ਼ਮ ਵੀ ਵਿਦਵਾਨ ਸੀ ਪਰ ਉਸ ਦੀ ਵਿਦਵਤਾ ਇਸ ਦੀ ਵਿਦਵਤਾ ਦੇ ਸਾਹਮਣੇ ਤੁੱਛ ਸੀ। ਜਿਥੋਂ ਤਕ ਕਾਵਿ ਕਲਾ ਦਾ ਸੰਬੰਧ ਹੈ, ਅਹਿਮਦ ਵਾਸਤੇ ਹਾਸ਼ਮ ਦਾ :

ਹੱਥੀ ਕੰਗਣ, ਗਲ ਵਿਚ ਹੱਸੀ, ਪਾਈ ਕਾਲੀ
ਅਹਿਮਦ ਯਾਰ ਸੁਨਹਿਰੀ ਮੁਰਲੀ ਵਾਲੀ।

ਅਹਿਮਦ ਯਾਰ ਦੀ ਕਵਿਤਾ ਵਿਚ ਕਾਫ਼ੀਆ ਕਈ ਵਾਰੀ ਲੜਾਤੇ ਰੁੱਖਾ ਜਿਹਾ ਹੋ ਜਾਂਦਾ ਹੈ ਪਰ ਜਦੋਂ ਕਦੀ ਉਹ ਜਜਬੇ ਅਧੀਨ ਹੋ ਕੇ ਕਾਫੀਏ ਵਲ ਧਿਆਨ ਦੇਂਦਾ ਹੈ, ਉਥੇ ਕਵਿਤਾ ਵਿਚ ਕਹਿਰਾਂ ਦਾ ਹਲੂਣਾ ਦੇਣ ਦੀ ਸ਼ਕਤੀ ਆ ਜਾਂਦੀ ਹੈ। ਉਦਾਹਰਣ ਵਜੋ :

ਸੁਣ ਕੇ ਵੀਰਾ, ਗੁਣੀ ਗਹੀਰਾ, ਆਖਦੀਆਂ ਭਰਜਾਈਆਂ।
ਵਾਰੋ ਵਾਰ ਇਕੱਠੀਆਂ ਤੇਰੀਆਂ, ਲਈਆਂ ਲੈਣ ਬਲਾਈਆਂ।

'ਕਾਮਰੂਪ' ਦਾ ਕਿੱਸਾ ਪੂਰਾ ਸਰੀਰਕ ਨਜ਼ਾਰਿਆਂ ਨਾਲ ਭਰਿਆ ਪਿਆ ਹੈ। ਇਨ੍ਹਾਂ ਨਜ਼ਾਰਿਆਂ ਦਾ ਵਰਣਨ ਪੰਜਾਬੀ ਵਿਚ ਪਹਿਲੀ ਵਾਰ ਸ਼ਾਇਦ ਅਹਿਮਦਯਾਰ ਨੇ ਹੀ ਕੀਤਾ ਹੈ। ਭਾਵੇਂ ਕੋਈ ਘਟੀਆ ਪੱਧਰ ਦਾ ਨਹੀਂ ਕਿਹਾ ਜਾ ਸਕਦਾ।

4 ਕਾਦਰਯਾਰ

ਪ੍ਰੋ: ਸੰਤ ਸਿੰਘ ਸੇਖੋ ਦੇ ਵਿਚਾਰ ਅਨੁਸਾਰ ਸਿੱਖ ਰਾਜ ਦੇ ਮੁੱਢਲੇ ਸਾਲਾਂ ਵਿਚ 1805 ਈ. ਦੇ ਨੇੜੇ ਤੇੜੇ ਕਾਦਰ ਯਾਰ ਦਾ ਜਨਮ ਹੋਇਆ। ਇਹ ਜ਼ਿਲ੍ਹਾ ਸ਼ੇਖੂਪੁਰੇ ਦੇ ਇਕ ਪਿੰਡ ਮਾਟੀਕੇ ਦਾ ਰਹਿਣ ਵਾਲਾ ਸੰਧੂ ਜੱਟ ਸੀ। ਇਹ ਬਹੁਤ ਪੜ੍ਹਿਆ ਲਿਖਿਆ ਨਹੀ ਸੀ ਅਤੇ ਇਹ ਗੱਲ ਇਸ ਨੇ ਆਪ ਵੀ ਮੰਨੀ ਹੈ :

ਮੈਂ ਦਹਕਾਨ ਬੇਇਲਮ ਵਿਚਾਰਾ
ਦੋਸ਼ ਨਾ ਚਾਹੀਏ ਧਰਨਾ।

ਪੂਰਨ ਭਗਤ, ਸੋਹਣੀ ਮਹੀਂਵਾਲ, ਰਾਜਾ ਰਸਾਲੂ, ਵਾਰ ਹਰੀ ਸਿੰਘ ਨਲੂਆ, ਵਾਰ ਪੂਰਨ ਭਗਤ, ਮਹਿਰਾਜ ਨਾਮਾ, ਰੋਜ਼ਨਾਮਾ ਆਦਿ ਇਸ ਦੀਆਂ ਪ੍ਰਸਿੱਧ ਰਚਨਾਵਾਂ ਹਨ। ਕਾਵਿ ਕਲਾ ਦੇ ਪੱਖ ਤੋਂ ਸੋਹਣੀ ਮਹੀਂਵਾਲ ਵਧੀਆ ਰਚਨਾ ਹੈ। ਇਸ ਨੂੰ ਮਾਂਜਣ ਸੁਆਰਣ ਤੇ ਲਿਸ਼ਕਾਉਣ ਵਲ ਇਸ ਨੇ ਹਾਸ਼ਮ ਸ਼ਾਹ ਨਾਲੋਂ ਕਿਤੇ ਵਧੇਰੇ ਧਿਆਨ ਦਿੱਤਾ ਹੈ। ਪਰੰਤੂ ਇਸ ਦਾ ਸਭ ਤੋਂ ਪ੍ਰਸਿੱਧ ਕਿੱਸਾ 'ਪੂਰਨ ਭਗਤ' ਪ੍ਰਤੀਤ ਹੁੰਦਾ ਹੈ ਕਿਉਂਕਿ ਇਹ 'ਪੂਰਨ ਭਗਤ' ਤੇ ਰਾਜਾ ਰਸਾਲੂ ਦੀ ਵਾਰਤਾ ਹੈ ਜਿਸਨੂੰ ਇਸ ਨੇ ਪਹਿਲੀ ਵਾਰੀ ਲਿਖਤ ਵਿਚ ਲਿਆਂਦਾ।

ਮੁਸਲਮਾਨ ਹੋਣ ਦੇ ਨਾਤੇ ਇਸ ਦੀ ਲਿਖਤ ਵਿਚ ਫ਼ਾਰਸੀ ਸ਼ਬਦਾਂ ਦਾ ਆ ਜਾਣਾ ਕੁਦਰਤੀ ਸੀ। ਪਰੰਤੂ ਕਿਉਂਕਿ ਇਹ ਕੋਈ ਬਹੁਤ ਵੱਡਾ ਵਿਦਵਾਨ ਨਹੀ ਸੀ ਇਸ ਲਈ ਫ਼ਾਰਸੀ ਸ਼ਬਦਾਂ ਦੀ ਵਰਤੋਂ ਸਮੇਂ ਇਹ ਕਈ ਵਾਰ ਸੁਭਾਵਕ ਗਲਤੀ ਕਰ ਜਾਂਦਾ ਹੈ।

ਕਿੱਸੇ ਲਿਖਦਿਆਂ ਹੋਇਆਂ ਇਸ ਨੇ ਯਥਾਰਥਵਾਦ ਨੂੰ ਨਿਭਾਉਣ ਵਲ ਬਹੁਤਾ ਧਿਆਨ ਨਹੀਂ ਦਿੱਤਾ । ਹੋ ਸਕਦਾ ਹੈ ਵਿਦਵਤਾ ਦੀ ਘਾਟ ਕਰਕੇ ਹੀ ਉਸ ਤੋਂ ਅਜਿਹਾ ਹੋ ਗਿਆ ਹੋਵੇ, ਪਰ ਉਸ ਸਮੇਂ ਦਾ ਸੁਭਾਉ ਹੀ ਯਥਾਰਥਵਾਦ ਤੋਂ ਦੂਰ ਰਹਿਣ ਦਾ ਸੀ।

ਸੋਹਣੀ ਮਹੀਂਵਾਲ ਦਾ ਕਿੱਸਾ ਲਿਖਦਿਆਂ ਹੋਇਆਂ ਕਵੀ ਨੇ ਬਾਕੀ ਸਾਰੀਆਂ ਰਚਨਾਵਾਂ ਨਾਲੋਂ ਵਧੇਰੇ ਹੁਨਰ ਦਾ ਪ੍ਰਗਟਾਉ ਕੀਤਾ ਹੈ। ਸੁਲਝੀ ਸੁੰਦਰ ਚੋਣ, ਸ਼ਬਦ ਤੋਲ, ਤੁਕਾਂਤ ਦਾ ਸਾਂਵਾਂਪਨ ਅਤੇ ਢੁਕਵੀਆਂ ਉਪਮਾਵਾਂ ਵਿਚ ਕਿੱਸੇ ਦੇ ਵਿਸ਼ੇਸ਼ ਗੁਣ ਹਨ। ਟਾਕਰਾ ਕਰਨਾ ਔਖਾ ਹੈ। ਕਵੀ ਦੇ ਤੌਰ ਤੇ ਇਸ ਦੀ ਪਦਵੀ ਹਾਸ਼ਮ ਸ਼ਾਹ ਜਿੰਨੀ ਉੱਚੀ ਨਹੀਂ ਹੈ ਪਰ ਫਿਰ ਵੀ ਚੰਦਰ ਬਦਨ, ਸੈਫ਼ਲ ਮਲੂਕ, ਹਾਤਮਤਾਈ ਆਦਿ ਕਿੱਸੇ ਲਿਖ ਕੇ ਇਸ ਨੇ ਪੰਜਾਬੀ ਸਾਹਿਤ ਵਿਚ ਜੋ ਵਾਧਾ ਕੀਤਾ ਹੈ, ਉਸਦੀ ਮਹਾਨਤਾ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਕਾਦਰਯਾਰ ਨੇ ਕਵਿਤਾ ਰਚਣ ਲਗਿਆਂ ਵਧੇਰੇ ਕਰਕੇ ਦਵੱਈਆ ਛੰਦ ਦੀ ਵਰਤੋਂ ਹੀ ਕੀਤੀ ਹੈ, ਪਰ ਸੱਸੀ ਪੁੰਨੂੰ ਦਾ ਕਿੱਸਾ ਬੈਤਾਂ ਵਿਚ ਲਿਖਿਆ ਗਿਆ ਹੈ ਜਿਸ ਦੇ ਤੋਲ ਤੁਕਾਂਤ ਨੂੰ ਨਿਭਾਉਣ ਵਲ ਇਸ ਨੇ ਉਚੇਚਾ ਧਿਆਨ ਦਿੱਤਾ ਹੈ। ਕਿੱਸਾ ਹਾਤਮਤਾਈ ਵਿਚ ਤਾਂ ਕਿੱਸਾਕਾਰ ਦਾ ਇਕ ਵਿਸ਼ੇਸ਼ ਅੰਗ, ਕਰਾਮਾਤੀ ਅੰਸ਼ ਵੀ ਭਰਪੂਰ ਮਾਤਰਾ ਵਿਚ ਮਿਲਦਾ ਹੈ। ਇਸ਼ਕ ਅਤੇ ਭਗਤੀ ਦੋਵੇਂ ਭਾਵ ਪ੍ਰਗਟ ਕਰਨ ਵਲ ਕਵੀ ਨੇ ਇਕੋ ਜਿਹਾ ਧਿਆਨ ਦਿੱਤਾ ਹੈ। 'ਤਕਵਲ' (ਰੱਬ ਵਿਚ ਵਿਸ਼ਵਾਸ) ਤੇ ਇਸ਼ਕ ਦੋਵਾਂ ਨੂੰ ਬਲਵਾਨ ਰੱਖਣ ਦਾ ਯਤਨ ਕੀਤਾ ਹੈ। ਰੱਬ ਦੀ ਭਗਤੀ ਦਾ ਵਰਣਨ ਕਰਨ ਵਿਚ ਨਿਪੁੰਨਤਾ ਪ੍ਰਗਟ ਕਰਦਿਆਂ ਇਸ ਨੇ ਸੁੰਦਰਤਾ ਦੇ ਪ੍ਰਗਟਾਉਣ ਸਮੇ ਲਿੰਗ-ਭਾਵ ਜਗਾਉਣ ਵਿਚ ਕੋਈ ਕਸਰ ਨਹੀਂ ਛੱਡੀ। ਹਾਤਮਤਾਈ ਵਿਚ ਭਾਵੇਂ ਪਰਉਪਕਾਰ ਨੂੰ ਮੁੱਖ ਭਾਵ ਬਣਾਇਆ ਗਿਆ ਹੈ ਪਰ ਵਧੇਰੇ ਧਿਆਨ ਇਸਤਰੀ ਦੀ ਸੁੰਦਰਤਾ ਦੇ ਨੰਗੇਜ ਤੇ ਭੜਕੀਲੇ ਵਰਣਨ ਵਲ ਹੀ ਦਿਖਾਈ ਦੇਂਦਾ ਹੈ।

ਕਾਦਰਯਾਰ ਦੀ ਕਵਿਤਾ ਪੜ੍ਹ ਕੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਉਸ ਵਿਚ ਲੋਕਾਂ ਨੂੰ ਰੱਬ ਦੀ ਪੂਜਾ, ਦੇ ਕੀਤੇ ਇਖਲਾਕ ਸਿਖਾਉਣ ਦੀ ਤੀਬਰ ਇੱਛਾ ਹੈ। ਥਾਂ ਥਾਂ ਤੇ ਉਸ ਨੇ ਸ਼ਰ੍ਹਾ ਸੂਫ਼ੀ ਸਿਧਾਂਤ ਦੇ ਵੇਦਾਂਤ ਤੋਂ ਜਾਣੂ ਹੋਣ ਦੀ ਗਵਾਹੀ ਦਿੱਤੀ ਹੈ। ਇਸ਼ਕ ਜਾਂ ਸ਼ਰ੍ਹਾਂ ਵਰਣਨ ਕਰਨ ਨਾਲ ਹੀ ਉਸ ਦੇ ਬਿਆਨ ਵਿਚ ਚਮਕ ਆ ਸਕੀ ਹੈ। ਹੁਨਰੀ ਸਜਾਵਟਾਂ ਤੇ ਕਾਰੀਗਰੀਆਂ ਇਸ ਦੀ ਕਵਿਤਾ ਵਿਚ ਥਾਉਂ ਥਾਈਂ ਝਲਕਾਂ ਮਾਰਦੀਆਂ ਹੁੰਦੀਆਂ ਹਨ।

ਕਵਿਤਾ ਨੂੰ ਅਲੰਕਾਰਕ ਰੰਗਣ ਚੜ੍ਹਾਉਣ ਲਈ ਕੋਈ ਕਸਰ ਨਹੀਂ ਛੱਡੀ। ਕਈ ਵਾਰ ਹਰ ਸਤਰ ਵਿਚ ਨਵਾਂ

ਦ੍ਰਿਸ਼ਟਾਂਤ ਅਤੇ ਨਵੀਂ ਉਪਮਾ ਦੇ ਕੇ ਕਾਵਿ ਸੁੰਦਰਤਾ ਨੂੰ ਉਪਜਾਉਣ ਵਲ ਉਚੇਰਾ ਧਿਆਨ ਦਿੱਤਾ ਹੈ। ਪਰ ਹੀਰ ਦੇ ਕਿੱਸੇ ਵਿਚ ਹੀ ਕਾਦਰਯਾਰ ਦਾ ਹੁਨਰ ਸਿੱਖਰਾਂ ਨੂੰ ਛੋਹਦਾ ਦਿਖਾਈ ਦੇਂਦਾ ਹੈ। ਇਸ ਕਿੱਸੇ ਵਿਚ ਕੇਵਲ ਬੋਲੀ ਤੇ ਉਪਮਾਵਾਂ ਹੀ ਠੇਠ ਸਗੋਂ ਵਲਵਲੇ ਦੀ ਉਸਾਰੀ ਵੀ ਬਾਕੀ ਰਚਨਾਵਾਂ ਨਾਲੋਂ ਅਤੀ ਤੀਖਣ ਹੈ ਜਿਥੇ ਬਾਕੀ ਸਾਰੇ ਕਵੀਆਂ ਨੇ ਹੀਰ ਦਾ ਕਿੱਸਾ ਬੈਤਾਂ ਵਿਚ ਲਿਖਿਆ ਹੈ, ਇਸ ਨੇ ਹਾਸ਼ਮ ਰਾਹੀਂ ਵਰਤੇ ਛੰਦ ਦਵੱਈਏ ਦੀ ਵਰਤੋਂ ਕਾਫ਼ੀ ਸਫ਼ਲਤਾ ਨਾਲ ਕੀਤੀ ਹੈ। ਹੁਨਰੀ ਸੰਕੋਚ ਅਤੇ ਸਾਦਗੀ ਨੂੰ ਇਸ ਕਿੱਸੇ ਵਿਚ ਅਤੀ ਵਿਸ਼ੇਸ਼ ਥਾਂ ਦਿੱਤੀ ਗਈ ਪਰ ਸਾਦਗੀ ਵਿਚੋਂ ਵੀ ਵਲਵਲੇ ਦਾ ਹੜ੍ਹ ਠਾਠਾਂ ਮਾਰਦਾ ਵਿਖਾਈ ਦਿੰਦਾ ਹੈ। ਰਾਂਝੇ ਦੀ ਸੁੰਦਰਤਾ ਦਾ ਵਰਨਣ ਕਰਦਿਆਂ ਹੋਇਆਂ ਕਾਦਰ ਯਾਰ ਲਿਖਦਾ ਹੈ :

ਸ਼ਾਮ ਰਸੀਲਾ ਰੂਪ ਰਾਂਝੇ ਦਾ ਸਿਰ ਝੰਡ ਭੰਭਲਿਆਲੀ।
ਖੂਨੀ ਨੈਣ ਨੀਲੇ ਸ਼ਰਮੀਲੇ, ਲਾਲ ਲਬਾਂ ਦੀ ਲਾਲੀ।

ਇਹ ਕਿੱਸਾ ਦੋਹੜਿਆਂ ਵਿਚ ਲਿਖਿਆ ਗਿਆ ਹੈ ਪਰ ਦੋਹੜਿਆਂ ਵਿਚ ਇਕ ਤੁਕਾਂਤ ਰਖ ਕੇ ਚਾਰ ਸਤਰਾਂ ਦੇ ਛੰਦ ਦੀ ਵਰਤੋਂ ਕਰਨ ਦਾ ਪ੍ਰਭਾਵ ਪਾਇਆ ਹੈ।

ਰਾਜਾ ਰਸਾਲੂ ਦੀ ਵਾਰ ਵੀ ਆਪਣੇ ਸਮੇਂ ਦੀ ਪ੍ਰਸਿੱਧ ਰਚਨਾ ਸੀ। ਇਸ ਰਚਨਾ ਵਿਚ ਕਵੀ ਨੇ ਇਸਤਰੀਆਂ ਨੂੰ ਭੰਡਣ ਵਲ ਉਚੇਚਾ ਧਿਆਨ ਦਿੱਤਾ ਅਤੇ ਤੋਤਿਆਂ ਮੈਨਾ ਨੂੰ ਮਨੁੱਖਾਂ ਨਾਲ ਗੱਲਾਂ ਬਾਤਾਂ ਕਰਦਿਆਂ ਦਰਸਾਕੇ ਪੰਛੀਆ ਅਤੇ ਮਨੁੱਖਾਂ ਦੀ ਸਾਂਝ ਪ੍ਰਗਟ ਕਰ ਵਿਖਾਈ।

ਭਾਵੇਂ ਕਾਦਰਯਾਰ ਦੇ ਸਾਰੇ ਕਿੱਸੇ ਲੋਕਾਂ ਵਿਚ ਪ੍ਰਚਲਤ ਹੋ ਗਏ ਸਨ ਪਰ ਉਸ ਦੀ ਪ੍ਰਸਿੱਧਤਾ ਵਧੇਰੇ 'ਪੂਰਨ ਭਗਤ' ਦਾ ਕਿੱਸਾ ਬੈਂਤ ਵਿਚ ਲਿਖਣ ਕਰਕੇ ਅਤੇ ਕੁਝ ਹਰੀ ਸਿੰਘ ਨਲੂਏ ਸੰਬੰਧੀ ਵਾਰ ਦੀ ਰਚਨਾ ਕਰਕੇ ਹੋਈ ਭਾਵੇਂ ਇਨ੍ਹਾਂ ਰਚਨਾਵਾਂ ਵਿਚ ਬਿਆਨ ਬੜਾ ਵਲਵਲੇ ਭਰਪੂਰ ਹੈ ਪਰ ਉਸ ਦੀ ਸਾਦਗੀ ਏਨੀ ਹੈ ਕਿ ਕਈ ਕਾਵਿਕ ਗੁਣਾਂ ਦੀ ਪ੍ਰਤੱਖ ਘਾਟ ਨਜ਼ਰ ਪੈਂਦੀ ਹੈ। ਇਨ੍ਹਾਂ ਰਚਨਾਵਾਂ ਦੀ ਵੱਡੀ ਖ਼ੂਬੀ ਇਹ ਹੈ ਕਿ ਇਨ੍ਹਾਂ ਵਿਚ ਪੰਜਾਬੀ ਪੁਣੇ ਦਾ ਪੂਰਾ ਪ੍ਰਗਟਾਉ ਮਿਲਦਾ ਹੈ ਅਤੇ ਕਵੀ ਦਾ ਦੇਸ਼ ਪਿਆਰ ਸਪਸ਼ਟ ਰੂਪ ਵਿਚ ਪ੍ਰਗਟ ਹੁੰਦਾ ਹੈ । ਹਰੀ ਸਿੰਘ ਨਲੂਏ ਦੀ ਵਾਰ ਵਿਚ ਪੰਜਾਬੀਆਂ ਦੀ ਪਠਾਣਾਂ ਨਾਲ ਹੋਈ ਲੜਾਈ ਦਾ ਵਰਨਣ ਹੈ ਪਰ ਅਣਖੀਲੇ ਕਵੀ ਨੇ ਸ. ਹਰੀ ਸਿੰਘ ਦੇ ਰਾਜ ਦੀ ਕਿਸੇ ਥਾਂ ਵੀ ਕੰਡ ਨਹੀ ਲੁਆਈ।

ਸੂਫ਼ੀ ਅਤੇ ਧਾਰਮਿਕ ਕਾਵਿ ਧਾਰਾ

ਉਨੀਵੀਂ ਸਦੀ ਦੀ ਪਹਿਲੇ ਅੱਧ ਵਿੱਚ ਸਭ ਤੋਂ ਜ਼ਿਆਦਾ ਰਚਨਾ ਕਿੱਸਿਆਂ ਦੀ ਹੋਈ ਪਰ ਸੂਫ਼ੀ ਕਾਵਿ ਤੇ ਧਾਰਮਿਕ ਕਾਵਿ ਬਹੁਤ ਘੱਟ ਗਿਆ। ਸਿੱਖ ਰਾਜ ਦੇ ਹੋਂਦ ਵਿੱਚ ਆਉਣ ਨਾਲ ਜਨਤਾ 'ਚ ਜੀਵਨ ਸੰਬੰਧੀ ਦ੍ਰਿਸ਼ਟੀਕੋਣ ਬਦਲ ਗਿਆ। ਹੁਣ ਉਹ ਮੁਸਲਮਾਨੀ ਸਭਿਆਚਾਰ ਅਤੇ ਧਾਰਮਿਕਤਾ ਦੇ ਪ੍ਰਭਾਵ ਤੋਂ ਦੂਰ ਹੋਣ ਲਗ ਗਏ। ਅਸਲ ਵਿੱਚ ਸਮਾਂ ਪਾ ਕੇ ਸੂਫ਼ੀ ਗੱਦੀਦਾਰਾਂ ਦੇ ਨਾ ਉਹ ਆਚਰਣ ਰਹੇ ਅਤੇ ਨਾ ਹੀ ਤਪੱਸਿਆ। ਸੂਫ਼ੀ ਬਣਨ ਲਈ ਅੰਦਰ ਦੀ ਸਾਧਨਾ ਭਾਵ ਆਤਿਮਕ ਸ਼ੁੱਧਤਾ ਬਹੁਤ ਜ਼ਰੂਰੀ ਹੈ। ਇਸ ਕਾਲ ਵਿਚ ਅਜਿਹੇ ਮੂਲ ਦੀ ਘਾਟ ਹੋਣ ਕਾਰਣ ਸੂਫ਼ੀ ਕਾਵਿ ਧਾਰਾ ਸੁੱਕਣ ਤੇ ਆ ਗਈ।

ਇਸ ਕਾਲ 'ਚ ਨਵੇਂ-ਨਵੇਂ ਕਵੀਆਂ ਵਿਚੋਂ ਸੂਫ਼ੀ ਰੰਗ ਵਾਲੇ ਕਵੀ ਹਾਸ਼ਮ ਦਾ ਨਾਮ ਲਿਆ ਜਾ ਸਕਦਾ ਹੈ। ਉਸ ਦੀਆਂ ਰਚਨਾਵਾਂ ਬਿਰਹਾਂ ਦੇ ਤੀਬਰ ਪ੍ਰਗਟਾਵੇ ਕਰਕੇ ਸੂਫ਼ੀ ਕਾਵਿ ਦੀਆਂ ਉਤਮ ਵੰਨਗੀਆਂ ਹਨ। ਸੰਸਾਰਿਕ ਤੇ ਰੱਬੀ ਪ੍ਰੇਮ ਦੇ ਸੰਸਾਰ ਨੂੰ ਉਸਨੇ ਆਪਣੀ ਕਵਿਤਾ ਵਿੱਚ ਬਿਆਨ ਕੀਤਾ ਹੈ। ਹਾਸ਼ਮ ਤੋਂ ਬਿਨਾਂ ਮਹੁੰਮਦ ਦੀਨ, ਮਹੁੰਮਦ ਅਸ਼ਰਫ, ਹਦਾਇਤੁਲਾ, ਮਸਤਕ, ਮੀਆਂ ਬਖਸ਼, ਮਹੁੰਮਦ ਬਖਸ਼ ਅਤੇ ਨੌਰੰਜ ਆਦਿ ਦੇ ਨਾਂ ਲਏ ਜਾ ਸਕਦੇ ਹਨ।

ਇਸਲਾਮੀ ਕਾਵਿ ਦੀ ਧਾਰਾ ਇਸ ਕਾਲ ਵਿਚ ਕੁਝ ਨਾ ਕੁਝ ਜ਼ਰੂਰ ਚਲਦੀ ਰਹੀ। ਇਸ ਕਾਵਿ ਦੀ ਰਚਨਾ ਕਰਨ ਵਾਲੇ ਕਵੀਆਂ ਨੂੰ ਤਾਂ ਜੀਤ ਸਿੰਘ ਸੀਤਲ ਅਨੁਸਾਰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ 1. ਕਿੱਸਾਕਾਰ ਜਾਂ ਵਾਰ-ਕਾਰ, ਪਰੰਪਰਾ ਵਜੋਂ ਇਸਲਾਮੀ ਕਾਵਿ ਲਿਖਿਆ ਅਤੇ 2. ਜਿਹਨਾਂ ਨੇ ਸਿਰਫ਼ ਇਸਲਾਮੀ ਕਾਵਿ ਲਿਖਿਆ ਪਹਿਲੀ ਕੈਟਾਗਰੀ ਵਿਚ ਅਹਿਮਦਯਾਰ (ਜੰਗਿ ਉਰਦੂ ਜੰਮਿ ਬਦਰ ਵਫਾਤਨਾਮਾ), ਕਾਦਰਯਾਰ (ਮਿਅਰਾਜ ਨਾਮਾ), ਮੋਲਵੀ ਰੋਸ਼ਨਦੀਨ (ਸ਼ਮਾ ਮੁਹੰਮਦੀ, ਸਿਰਾਜਿ ਮੁਹੰਮਦ) ਇਸਮਾਮ ਬਖਸ਼ (ਬਦੀ-ਉਲ-ਜਮਾਲ) ਆਦਿ। ਦੂਜੀ ਕਵੀਆਂ ਵਿਚ ਹਾਫਿਜ਼ ਪਸ਼ਰੂਹੀ, ਅਬਦੁਲ ਨਬੀ, ਮੌਲਵੀ ਮੁਹੰਮਦ ਮੁਸਲਿਮ, ਮੌਲਵੀ ਮੁਹੰਮਦ ਬਾਰਿਕ ਅਲ੍ਹਾ, ਨੂਰ ਮੁਹੰਮਦ ਨੂਰ

ਆਦਿ।

ਇਸ ਤੋਂ ਇਲਾਵਾ ਇਸ ਕਾਲ ਵਿਚ ਹਿੰਦੂ ਕਾਵਿ, ਰਾਮ ਕਾਵਿ, ਨ੍ਰਿਸ਼ਟ ਕਾਵਿ, ਸਿੱਖ ਕਾਵਿ ਜਿਸ ਵਿਚ ਰਚੀਆਂ ਗਈਆਂ ਰਚਨਾਵਾਂ ਦਾ ਜ਼ਿਕਰ ਵੀ ਉਲੇਖਯੋਗ ਹੈ। ਹਿੰਦੂ ਕਾਵਿ ਵਿੱਚ 'ਬਿਸ਼ਨਪਦੇ ਰਾਮਾਇਣ' ਅਤੇ ਸ੍ਰੀ ਕ੍ਰਿਸ਼ਨ ਚਰਿਤਕ ਬਾਰੇ ਕੁਝ ਬਾਰਮਾਹੇ, ਮਿਠੜੇ ਆਦਿ ਮਿਲਦੇ ਹਨ। ਰਾਮ ਕਾਵਿ ਵੇਲੇ ਦੀ ਅਪ੍ਰਕਾਸ਼ਿਤ ਰਚਨਾ ਬਿਸ਼ਨਪਦੇ ਰਾਮਾਇਣ ਮਿਲਦੀ ਹੈ। ਇਸ ਰਚਨਾ ਵਿਚ ਬਾਲ ਕਾਂਡ ਤੋਂ ਲੈ ਕੇ ਲੰਕਾ ਕਾਂਡ ਦੀਆਂ ਮੁੱਖ-ਮੁੱਖ ਘਟਨਾਵਾਂ ਨੂੰ ਬੜੇ ਸੰਖੇਪ ਢੰਗ ਨਾਲ ਚਿਤਰਿਆਂ ਹੈ। ਭਗਤੀ ਪ੍ਰਧਾਨ ਹੋਣ ਕਾਰਣ ਇਸ ਰਚਨਾ ਦਾ ਪ੍ਰਮੁਖ ਰਸ ਸ਼ਾਤ ਹੈ। ਕ੍ਰਿਸ਼ਨ ਕਾਵਿ ਵਿਚ ਸ੍ਰੀ ਕ੍ਰਿਸ਼ਨ ਜੀ ਦੇ ਚਰਿਤ੍ਰ ਸੰਬੰਧੀ ਕੁਝ ਬਾਰਾ-ਮਾਂਹ, ਮਿਠੜੇ ਅਤੇ ਲੀਲਾ ਵਰਨਣ ਦੀਆਂ ਵੰਨਗੀਆਂ ਮਿਲਦੀਆਂ ਹਨ। ਬਾਰਾਮਾਹ ਦੀ ਰਚਨਾ ਕਵੀ ਦਸੌਦੀ ਰਾਮ ਤੇ ਕਵੀ ਸਾਹਿਬ ਸਿੰਘ 'ਮ੍ਰਿਗਿੰਦ' ਨੇ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖਿਆ ਇਕ ਹੋਰ ਬਾਰਾਮਾਹ ਵੀ ਮਿਲਦਾ ਹੈ ਜੋ ਦੋ ਕਵੀਆਂ ਰਲਿਆਂ ਰਾਮ ਅਤੇ ਦੇਵੀ ਦਾਸ ਦੀ ਸਾਂਝੀ ਰਚਨਾ ਹੈ।

ਸਿੱਖ ਕਾਵਿ ਦੀ ਇਸ ਕਾਲ ਵਿੱਚ ਕਿਸੇ ਵਿਸ਼ੇਸ਼ ਪ੍ਰਕਾਰ ਦੀ ਰਚਨਾ ਨਹੀਂ ਹੋਈ। ਇਸ ਕਾਲ ਵਿੱਚ ਉਹੀ ਰਚਨਾਵਾਂ ਪ੍ਰਚਲਿਤ ਰਹੀਆਂ ਜਿਹੜੀਆਂ ਪਹਿਲਾ ਚੱਲਦੀਆਂ ਰਹੀਆਂ ਸਨ। ਇਸ ਕਾਲ ਦੀਆਂ ਕੁਝ ਕੁ ਪ੍ਰਮੁੱਖ ਕ੍ਰਿਤੀਆਂ ਹਨ : ਗੁਰੂ ਪਦ ਪ੍ਰੇਮ ਪ੍ਰਕਾਸ਼ (ਸੁਮੇਰ ਸਿੰਘ), ਗੁਰੂ ਨਾਨਕ ਪ੍ਰਕਾਸ਼ (ਸੰਤੋਖ ਸਿੰਘ), ਸਿੰਘ ਸਾਗਰ (ਵੀਰ ਸਿੰਘ ਬਲ), ਗੁਰ ਪ੍ਰਤਾਪ ਸੂਰਜ (ਸੰਤੋਖ ਸਿੰਘ) ਹਨ। ਇਹਨਾਂ ਕਵੀਆਂ ਨੇ ਸ਼ਰਧਾ ਨਾਲ ਗੁਰੂ ਚਰਿਤ੍ਰ ਨੂੰ ਉਘਾਲਿਆਂ ਹੈ। ਇਹਨਾਂ ਸਾਰੀਆਂ ਦੀ ਬੋਲੀ ਬ੍ਰਜ ਭਾਸ਼ਾ ਹੈ, ਭਾਵੇਂ ਕਿਤੇ-ਕਿਤੇ ਪੰਜਾਬੀ ਦਾ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ।

ਫ਼ਰਦ ਫ਼ਕੀਰ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਇਕ ਕਵੀ ਹੈ, ਸੂਝਵਾਨ ਮੁਸਲਮਾਨ ਹੈ, ਪੀਰੀ ਫ਼ਕੀਰੀ ਦੇ ਰੰਗ ਵਿਚ ਰੰਗਿਆ ਹੋਇਆ ਹੈ ਤੇ ਉਸ ਦੇ ਮੁਰੀਦਾਂ ਦਾ ਦਾਇਰਾ ਬਹੁਤ ਲੰਮਾ ਚੌੜਾ ਹੈ।

ਗੁਲਾਮ ਜੀਲਾਨੀ ਰੋਹਤਕੀ :

ਇਹ ਚਿਸ਼ਤੀ ਕਾਦਰੀ ਸੰਪ੍ਰਦਾਇ ਦਾ ਸੂਫ਼ੀ ਸੀ। ਇਸ ਦਾ ਜਨਮ 1749 ਈ. ਵਿਚ ਸੱਯਦ ਬਦਰ ਦੀਨ ਚਿਸ਼ਤੀ ਕਾਦਰੀ ਦੇ ਘਰ ਹੋਇਆ ਅਤੇ ਮ੍ਰਿਤੂ 1819 ਈ. ਵਿੱਚ ਹੋਈ। ਇਯ ਦੇ ਬਚਪਨ ਦਾ ਨਾਂ ਕੁਤਬਦੀਨ ਸੀ। ਰੁਚੀ ਬੰਦਗੀ ਵੱਲ ਹੋਣ ਕਰਕੇ ਉਸਨੇ ਨੌਕਰੀ ਛੱਡ ਦਿੱਤੀ। ਉਸ ਦੀਆਂ ਰਚਨਾਵਾਂ ਵਿੱਚ ਪ੍ਰਮੁੱਖਤਾ ਚੌਪਈਆਂ ਜਾਂ ਚੋਬਰਗਿਆਂ ਦੀ ਹੈ ਜਿਸ ਵਿੱਚ ਕਵੀ ਨੇ ਇਸ਼ਕ ਦੀ ਲੋੜ ਤੋਂ ਭਗਤੀ, ਦਰਸ਼ਨ, ਯੋਗ ਆਦਿ ਸਾਧਨਾਂ ਸੰਬੰਧੀ ਪੱਖਾਂ ਉਤੇ ਪ੍ਰਕਾਸ਼ ਪਾਇਆ ਹੈ। ਉਸ ਦੀ ਬੋਲੀ ਉੱਤੇ ਹਿੰਦਵੀ ਦੀ ਰੰਗਤ ਕਾਫ਼ੀ ਉਘੜ ਆਈ ਹੈ। ਸ਼ੈਲੀ ਵੀ ਵੈਰਾਗਮਈ ਸੰਤ ਕਾਵਿ ਵਾਲੀ ਹੈ।

ਸੂਫ਼ੀਆਂ ਸਬੰਧੀ ਇਸ ਵਿਸ਼ਲੇਸ਼ਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਇਹਨਾਂ ਨੇ ਆਪਣੀ ਭਾਵਨਾ ਦਾ ਪ੍ਰਗਟਾਵਾ ਕਾਫ਼ੀਆਂ, ਬਾਰਮਾਹਾਂ, ਸੀਹਰਫੀਆਂ, ਸਤਵਾਰੇ ਆਦਿ ਲੋਕ-ਕਾਵਿ ਰੂਪਾਂ ਰਾਹੀਂ ਕੀਤਾ ਹੈ। ਇਹਨਾਂ ਦੀ ਬੋਲੀ ਸਹਿਜੇ-ਸਹਿਜੇ ਲਹਿੰਦੀ ਤੋਂ ਕੇਂਦਰੀ ਪੰਜਾਬੀ ਵਲ ਝੁਕਦੀ ਗਈ ਪਰ ਅਰਬੀ ਫ਼ਾਰਸੀ ਦਾ ਪ੍ਰਭਾਵ ਬਣਿਆ ਰਿਹਾ।

ਫ਼ਰਦ ਫ਼ਕੀਰ :

ਸੰਨ 1720 ਈ. ਵਿਚ ਫ਼ਰਦ ਫ਼ਕੀਰ ਦਾ ਜਨਮ ਗੁਜਰਾਤ ਸ਼ਹਿਰ ਵਿੱਚ ਹੋਇਆ। ਇਸ ਕਵੀ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਇਹ ਬਾਬਾ ਫ਼ਰੀਦ ਦੀ ਪਰੰਪਰਾ ਵਿੱਚ ਸ਼ਰੀਅਤ ਦੀ ਕਠੋਰਤਾ ਪੂਰਵਕ ਪਾਬੰਦੀ ਅਪਣਾਉਣ ਵਾਲਾ ਸੂਫ਼ੀ ਹੈ। ਫ਼ਰਦ ਫ਼ਕੀਰ ਨੇ ਪੰਜਾਬੀ ਸਾਹਿਤਕ-ਜਗਤ ਤੇ ਇਸਲਾਮੀ ਸੋਚ-ਮੰਡਲ ਨੂੰ ਹੇਠ ਲਿਖਿਆਂ ਰਚਨਾਵਾਂ ਦਿੱਤੀਆਂ ਹਨ :

1. ਰੌਸ਼ਨ ਦਿਲ
2. ਸੀਹਰਫ਼ੀ ਨਸੀਹਰ
3. ਬਾਰਾਮਾਹ
4. ਰਸਬਨਾਮਹ ਬਾਫ਼ਿੰਦਗਾਂ।

ਰੌਸ਼ਨ ਦਿਲ ਪੁਸਤਕ ਮੁਸਲਮਾਨਾਂ ਦੀ ਰਹਿਤ ਮਰਿਯਾਦਾ ਨਾਲ ਸੰਬੰਧਤ ਹੈ ਅਤੇ ਇਸਲਾਮੀ ਮਦਰਸਿਆਂ ਵਿਚ ਪੜ੍ਹਾਈ ਜਾਂਦੀ ਸੀ। 'ਕਸਬਨਾਮਹ ਬਾਫ਼ਿੰਦਗਾਂ ਜੁਲਾਹਿਆਂ ਦੇ ਕਿੱਤੇ ਨੂੰ ਸਨਮਾਨ ਦੇਣ ਵਾਲੀ ਰਚਨਾ ਹੈ। ਇਸ ਵਿਚ ਕਵੀ ਨੇ ਇਕ ਜੁਲਾਹੇ ਦੇ ਰੂਪਕ ਰਾਹੀਂ ਸੂਫ਼ੀਮਤ ਦੇ ਮਸਲਿਆਂ ਨੂੰ ਦਰਜ ਕੀਤਾ ਹੈ। ਫ਼ਰਦ ਫ਼ਕੀਰ ਨੂੰ ਉਸ

ਸਮੇਂ ਦੇ ਹਾਕਮਾਂ ਪ੍ਰਤੀ ਇਹ ਰੋਸ ਸੀ ਕਿ ਉਹ ਗਰੀਬਾਂ ਤੇ ਬਹੁਤ ਜ਼ੁਲਮ ਕਰਦੇ ਸਨ ਤੇ ਗਰੀਬਾਂ ਨਾਲ ਧੱਕਾ ਕਰਦੇ ਸਨ। ਉਸ ਦਾ ਸਾਹਸ ਇਸ ਗੱਲ ਵਿੱਚ ਹੈ ਕਿ ਉਸ ਸਮੇਂ ਦੀ ਸਰਕਾਰ ਦੇ ਧੱਕੇ ਵਿਰੁੱਧ ਅਵਾਜ਼ ਬੁਲੰਦ ਕਰਦਾ ਹੈ। ਉਸ ਦੀ ਇਸ ਦਲੇਰਾਨਾ ਬਿਰਤੀ ਇਸ ਤਰ੍ਹਾਂ ਹੈ :

ਹਾਕਮ ਹੈ ਕਿ ਬਹਿਣ ਗਲੀਚੇ, ਬਹੁਤਾ ਜ਼ੁਲਮ ਕਮਾਂਦੇ।
ਮੇਹਨਤੀਆਂ ਨੂੰ ਕੰਮੀ ਆਖਣ, ਖ਼ੂਨ ਉਹਨਾਂ ਦੇ ਖਾਂਦੇ।
ਫੜ ਵਗਾਰੀ ਲੈ ਲੈ ਜਾਵਣ, ਖ਼ੌਫ ਖੁਦਾ ਦਾ ਨਾਹੀਂ।
ਫ਼ਰਦ ਫ਼ਕੀਰ ਦਰਦਮੰਦਾਂ ਦੀਆਂ, ਇਕ ਪੈਸਣ ਆਹੀਂ।

(ਕਵੀ ਦੀਆਂ ਰਚਨਾਵਾਂ ਵਿੱਚ ਦਲੇਰੀ ਅਤੇ ਆਤਮ ਵਿਸ਼ਵਾਸ਼ ਦਾ ਬੁਲਕਾਰਾ ਮਿਲਦਾ ਹੈ।)

ਇਸ ਤੋਂ ਇਲਾਵਾ ਫ਼ਰਦ ਫ਼ਕੀਰ ਨੇ ਆਪਣੀ ਸੀਹਰਫੀ ਵਿਚ ਧਾਰਮਿਕ ਕਰਮਕਾਂਡਾ ਅਤੇ ਪਾਖੰਡਾਂ ਨੂੰ ਭੰਡਿਆਂ ਹੈ। ਉਸਦੀਆਂ ਰਚਨਾਵਾਂ ਵਿੱਚ ਸਧਾਰਣ ਪੰਜਾਬੀ ਦੇ ਨਾਲ-ਨਾਲ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵੀ ਮਿਲਦੀ ਹੈ।

ਵਾਰਤਕ ਧਾਰਾ :

'ਸਿੱਖ ਰਾਜ ਕਾਲ' ਦੇ 50 ਵਰ੍ਹਿਆਂ ਵਿੱਚ ਵਾਰਤਕ ਦੀ ਕੋਈ ਮਹੱਤਵਪੂਰਣ ਰਚਨਾ ਨਹੀਂ ਹੋਈ ਪਰ ਪੰਜਾਬੀ ਵਾਰਤਕ ਵਿੱਚ ਕੁਝ ਅਨਵਾਦ ਜ਼ਰੂਰ ਹੋਏ। ਫ਼ਕੀਰ ਨਰ ਹੁਸੈਨ ਨੇ ਭਗਵਦ ਗੀਤਾ ਦਾ ਫ਼ਾਰਸੀ ਵਿਚ ਹੋਏ ਅਨੁਵਾਦ ਤੋਂ ਪੰਜਾਬੀ ਵਿਚ ਅਨਵਾਦ ਕੀਤਾ। ਇਸ ਤੋਂ ਇਲਾਵਾ ਕਿਸ਼ੋਰ ਦਾਸ ਦੁਆਰਾ ਭਗਵਦ ਗੀਤਾ ਅਤੇ ਉਸ ਦਾ ਮਹਾਤਮ ਪੰਜਾਬੀ ਵਿਚ ਲਿਖਿਆ ਮਿਲਦਾ ਹੈ। ਇਸ ਵੇਲੇ ਭਾਈ ਸੰਤੋਖ ਸਿੰਘ ਦੇ ਲਿਖੇ 'ਗੁਰੂ ਨਾਨਕ ਪ੍ਰਕਾਸ਼' ਅਤੇ ਗੁਰ ਪ੍ਰਤਾਪ ਸੂਰਜ ਦੇ ਸੰਖਿਪਤ ਰੂਪ ਵੀ ਪੰਜਾਬੀ ਵਾਰਤਕ ਵਿਚ ਲਿਖੇ ਗਏ ਹਨ। ਇਸ ਵੇਲੇ 'ਆਈਨੇ ਅਕਬਰੀ' ਦਾ ਅਨੁਵਾਦ ਵੀ ਹੋਇਆ ਜਿਸ ਨੂੰ 'ਅਕਬਰਨਾਮਾ' ਦਾ ਨਾਂ ਦਿੱਤਾ ਗਿਆ ਹੈ। ਇਸ ਕਾਲ ਦੀ ਵਾਰਤਕ ਨੂੰ ਈਸਾਈ ਮਿਸ਼ਨਰੀਆਂ ਨੇ ਵੀ ਆਪਣੀ ਕੁਝ ਦੇਣ ਦਿੱਤੀ। 1812 ਈ. ਵਿਚ ਡਾ. ਕੇਰੀ ਨੇ ਫੋਰਟ ਵਿਲੀਅਮ ਕਾਲਜ ਕਲਕੱਤੇ ਤੋਂ ਪਹਿਲਾ ਪੰਜਾਬੀ ਵਿਆਕਰਣ ਛਾਪਿਆ ਅਤੇ 1815 ਈ. ਵਿਚ ਸ੍ਰੀ ਰਾਮਪੁਰ ਦੇ ਮਿਸ਼ਨਰੀਆਂ ਨੇ ਅੰਜੀਲ ਦਾ ਪਹਿਲੀ ਵਾਰ ਪੰਜਾਬੀ ਵਾਰਤਕ ਵਿਚ ਉਲਥਾ ਕਰਵਾ ਕੇ ਛਾਪਿਆਂ। ਅਸਲ ਵਿਚ ਇਹਨਾਂ ਪੰਜਾਹ ਵਰ੍ਹਿਆਂ ਨੇ ਆਧੁਨਿਕ ਵਾਰਤਕ ਦੀ ਉਸਾਰੀ ਵਿੰਚ ਆਪਣਾ ਯੋਗਦਾਨ ਪਾਇਆ।

ਵੀਰ ਕਾਵਿ ਧਾਰਾ ਕਵੀ ਸ਼ਾਹ ਮੁਹੰਮਦ

ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਸ਼ਾਹ ਮੁਹੰਮਦ ਵਡਾਲਾ ਵੀਰਮ, ਤਹਿਸੀਲ ਅੰਮ੍ਰਿਤਸਰ ਵਿਚ 1782 ਈਸਵੀ ਨੂੰ ਪੈਦਾ ਹੋਇਆ ਸੀ। ਉਹ ਜਾਤ ਦਾ ਕੁਰੈਸ਼ੀ ਸੀ। ਉਸ ਨੇ ਸਿੱਖ ਰਾਜ ਦਾ ਮੁੱਢ, ਸਿਖਰ ਤੇ ਪਤਨ ਆਪਣੀ ਅੱਖੀਂ ਡਿੱਠਾ। ਉਸ ਦੇ ਦੋ ਬੇਟੇ ਸਨ, ਮੁਹੰਮਦ ਬਖਸ਼ ਤੇ ਹਾਸ਼ਮ ਸ਼ਾਹ ਮੁਖਲਿਸ। ਸ਼ਾਹ ਮੁਹੰਮਦ ਦੀਆਂ ਕਿਰਤਾਂ ਜੋ ਇਸ ਵਕਤ ਮਿਲਦੀਆਂ ਹਨ। (1) ਜੰਗ ਸਿੰਘਾਂ ਤੇ ਅੰਗਰੇਜ਼ਾਂ, ਇਸਨੂੰ ਜੰਗਨਾਮਾ ਸਿੰਘਾਂ ਤੇ ਫਰੰਗੀਆਂ ਵੀ ਕਹਿੰਦੇ ਹਨ, (2) ਸੱਸੀ ਪੁੰਨੂੰ। ਇਹ ਦੋਵੇਂ ਹੀ ਕਿੱਸੇ ਬੈਂਤਾਂ ਵਿਚ ਲਿਖੇ ਹੋਏ ਹਨ। ਸ਼ਾਹ ਮੁਹੰਮਦ ਦਾ ਕਿੱਸਾ ਸੱਸੀ ਪੁੰਨੂੰ ਕੋਈ ਜ਼ਿਆਦਾ ਪ੍ਰਸਿੱਧ ਨਹੀ ਹੈ।

'ਜੰਗ ਸਿੰਘਾਂ ਤੇ ਫਰੰਗੀਆਂ' ਵਿਚ ਉਸ ਨੇ ਸਿੱਖ ਰਾਜ ਦੀ ਖੁਸ਼ਹਾਲ ਜ਼ਿੰਦਗੀ, ਕੌਮੀ ਏਕਤਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਪੰਜਾਬ ਦੀ ਦੁਰਦਸ਼ਾ ਦਾ ਵਰਣਨ ਕੀਤਾ ਹੈ। ਇਸੇ ਕਾਰਣ ਡਾ. ਗੰਡਾ ਸਿੰਘ ਨੇ ਸ਼ਾਹ ਮੁਹੰਮਦ ਨੂੰ ਪੰਜਾਬ ਦਾ ਕੌਮੀ ਕਵੀ ਕਿਹਾ ਹੈ ਤੇ ਡਾ. ਗੋਪਾਲ ਸਿੰਘ ਦਰਦੀ ਨੇ ਉਸ ਦੀ ਕਵਿਤਾ ਨੂੰ ਪਿਆਰ ਦੀ ਕਵਿਤਾ ਕਿਹਾ ਹੈ। ਸ਼ਾਹ ਮੁਹੰਮਦ ਨੇ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੇ ਅਫ਼ਸੋਸ ਪ੍ਰਗਟ ਕੀਤਾ ਹੈ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਬੜੀ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਡਾ. ਗੋਪਾਲ ਸਿੰਘ 'ਦਰਦੀ' ਦਾ ਕਥਨ ਹੈ ਕਿ ਫਰੰਗੀਆਂ ਦੀਆਂ ਚਾਲਾਂ ਉਨ੍ਹਾਂ ਦੀ ਸਿੱਖਾਂ ਨਾਲ ਲੜਾਈ ਤੇ ਉਸ ਲੜਾਈ ਵਿਚ ਸਿੱਖਾਂ ਦੀ ਹਾਰ ਨੂੰ ਨਾ ਸਹਿੰਦੀਆਂ ਹੋਈਆਂ ਉਸ ਦੇ ਦਿਲ ਦੀਆਂ ਡੂੰਘਾਣਾਂ ਚੋਂ ਇਕ ਹੂਕ ਨਿਕਲੀ ਜਿਹੜੀ ਉਸ ਦੀ ਕਵਿਤਾ ਰਾਹੀਂ ਰੂਪਮਾਨ ਹੋਈ। ਉਹ ਦੇਸ਼ ਦੀ ਦੁਰਦਸ਼ਾ ਅੱਖਾਂ ਸਾਹਵੇ ਵੇਖ ਡਾਢਾ ਪੀੜਿਤ ਹੋ ਕੇ ਬੈਂਤ ਅਲਾਪਦਾ ਹੈ :

ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ,
ਜੇਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਉਸ ਨੇ ਇਕ ਨਿਰਪੱਖ ਇਤਿਹਾਸਕਾਰ ਦੇ ਵਾਂਗ ਆਪਣੇ ਸਮੇਂ ਦੇ ਹਾਲਾਤ ਨੂੰ ਉਲੀਕਿਆ ਹੈ ਅਤੇ ਸਿੱਖ ਯੋਧਿਆਂ ਦੇ ਨਾਲ ਮੁਸਲਮਾਨ ਯੋਧਿਆਂ ਮਾਖੇ ਖਾਨ, ਮਜ਼ਰ ਅਲੀ, ਇਲਾਹੀ ਬਖਸ਼, ਸੁਲਤਾਨ ਮਹਿਮੂਦ ਤੇ ਅਮਾਮ ਸ਼ਾਹ ਆਦਿ ਜਰਨੈਲਾਂ ਤੇ ਤੋਪਚੀਆਂ ਦੀ ਬਹਾਦਰੀ ਦਾ ਜਸ ਵੀ ਬੜੇ ਮਾਣ ਨਾਲ ਗਾਇਆ।

ਕਵੀ ਦਾ ਦ੍ਰਿਸ਼ਟੀਕੋਣ ਉਲਾਰੂ ਨਹੀਂ ਸਗੋਂ ਸੰਤੁਲਿਤ ਹੈ। ਜਿਥੇ ਕਿਧਰੇ ਲੋੜ ਪਈ ਹੈ, ਅੰਗਰੇਜ਼ ਫੌਜਾਂ ਦੀ ਤਾਰੀਫ਼ ਕੀਤੀ ਹੈ। ਇਹ ਸੰਤੁਲਿਤ ਦ੍ਰਿਸ਼ਟੀਕੋਣ ਉਸਦੀ ਸਿਆਣਪ ਦੀ ਗਵਾਹੀ ਭਰਦਾ ਹੈ। ਸਿੱਖ ਫ਼ੌਜਾਂ ਦੇ ਨਾਲ ਨਾਲ ਗੋਰਿਆਂ ਦੇ ਜੌਹਰ ਵੀ ਤਾਂ ਦੇਖਣ ਯੋਗ ਹਨ :

ਅਗੋਂ ਤੋਪਾਂ ਦੇ ਧਨੀ ਵੀ ਹੈਨ ਗੋਰੇ,
ਵੰਗਾਂ ਪਹਿਨ ਖਲੌਤੀਆਂ ਨਹੀਂ ਕੁੜੀਆਂ।

ਸ਼ਾਹ ਮੁਹੰਮਦ ਨੇ ਕਿੱਸੇ ਵਿਚ ਕੇਵਲ ਇਕ ਗਲਤੀ ਕੀਤੀ ਹੈ, ਉਹ ਕਿ ਰਾਣੀ ਜਿੰਦਾਂ ਬਾਰੇ ਫਰੰਗੀਆਂ ਤੇ ਗੱਦਾਰ ਸਰਦਾਰਾਂ ਦੀਆਂ ਉਡਾਈਆਂ ਹੋਈਆਂ ਅਫ਼ਵਾਹਾਂ ਤੇ ਯਕੀਨ ਕਰਕੇ ਜਿੰਦਾਂ ਨੂੰ ਕੋਸਿਆ ਹੈ ਅਤੇ ਇਸੇ ਕਾਰਣ ਔਰਤਾਂ ਦੀ ਬਦਖੋਈ ਕੀਤੀ।

ਹੁੰਦੇ ਆਏ ਨੇ ਰੰਨਾਂ ਤੋਂ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕਹਾਇ ਦਿੱਤਾ।
ਕੋਰਵਾਂ ਪਾਂਡਵਾਂ ਨਾਲ ਕੀ ਭਲਾ ਕੀਤਾ,
ਅਠਾਰ੍ਹਾਂ ਖੂਹਣੀਆਂ ਕਟਕ ਮੁਕਾਇ ਦਿਤਾ।
ਰਾਜੇ ਭੋਜ ਦੇ ਮੂੰਹ ਲਗਾਮ ਦੇ ਕੇ,
ਮਾਰ ਅੱਡੀਆਂ ਹੋਸ਼ ਭਲਾਇ ਦਿੱਤਾ।
ਸ਼ਾਹ ਮੁਹੰਮਦਾ ਇਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫ਼ਰਸ਼ ਉਠਾਇ ਦਿੱਤਾ।

ਡਾ. ਗੰਡਾ ਸਿੰਘ ਨੇ ਦੱਸਿਆ ਹੈ ਕਿ ਰਾਣੀ ਜਿੰਦਾਂ ਦੇ ਵਿਰੁੱਧ ਲਿਖਣਾ ਸ਼ਾਹ ਮੁਹੰਮਦ ਦੀ ਇਤਿਹਾਸਕ ਭੁੱਲ ਹੈ।

ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਕਵੀ ਨੇ ਇਸ ਰਚਨਾ ਵਿਚ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਦਾ ਵਰਣਨ ਕੀਤਾ ਹੈ। ਉਸ ਦੀ ਇਸ ਰਚਨਾ ਵਿਚ ਦੇਸ਼ ਪਿਆਰ ਕੁਟ ਕੁਟ ਕੇ ਭਰਿਆ ਹੈ। ਪੰਜਾਬ ਦੀ ਆਜ਼ਾਦੀ ਦੇ ਸੂਰਜ ਦੇ ਡੁੱਬ ਜਾਣ ਉਤੇ ਉਸ ਨੇ ਆਪਣੇ ਦੁੱਖ ਨੂੰ ਕਾਵਿ ਬੱਧ ਕੀਤਾ ਹੈ। ਡੋਗਰਾ ਭਰਾਵਾਂ ਤੇ ਯੂਪੀ. ਦੇ ਭਾਈਏ ਜਰਨੈਲ ਤੇਜਾ ਸਿੰਘ ਦੀਆਂ ਕਮੀਨੀਆਂ ਕਰਤੂਤਾਂ ਨੰਗੀਆਂ ਕੀਤੀਆਂ ਹਨ। ਇਤਿਹਾਸਕ ਪੱਖੋਂ ਘਟਨਾਵਾਂ ਦੇ ਸਹੀ ਬਿਆਨ ਨੂੰ ਉਸ ਨੇ ਕਲਾਤਮਕ ਅਤੇ ਸਫਲ ਕਾਵਿ ਸ਼ੈਲੀ ਵਿਚ ਪੇਸ਼ ਕੀਤਾ ਹੈ। ਇਸੇ ਲਈ ਉਸ ਦੀ ਇਹ ਰਚਨਾ ਸਾਹਿਤਕਤਾ ਅਤੇ ਇਤਿਹਾਸਕਤਾ ਦਾ ਸੁੱਚਜਾ ਮੇਲ ਹੈ। ਕਵੀ ਨੇ ਸਿੱਖ ਰਾਜ ਦੇ ਸਮੇਂ ਦੇ ਸੁੱਖ ਭਰੇ ਜੀਵਨ ਅਤੇ ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਦੇ ਇਕ ਦੂਜੇ ਨਾਲ ਪਿਆਰ ਤੇ ਵੀ ਝਾਤ ਪੁਵਾਈ ਹੈ।

ਸ਼ਾਹ ਮੁਹੰਮਦ ਦੀ ਭਾਸ਼ਾ ਕਾਦਰਯਾਰ ਦੀ ਭਾਸ਼ਾ ਵਾਂਗ ਸਾਦੀ ਤੇ ਠੇਠ ਹੈ। ਉਸ ਨੇ ਅੰਗਰੇਜ਼ੀ ਸ਼ਬਦਾਂ (ਕੌਂਸਲ, ਰਜਮੈਂਟ, ਮੈਗਜ਼ੀਨ, ਕੰਪਨੀ, ਪਲਟਨ, ਅਫ਼ਸਰ, ਲਾਟ ਆਦਿ) ਦਾ ਸਭ ਤੋਂ ਪਹਿਲਾਂ ਪ੍ਰਯੋਗ ਕੀਤਾ ਹੈ। ਵਾਰਿਸ਼ ਸ਼ਾਹ ਤੋਂ ਬਾਅਦ ਉਸ ਨੇ ਪੰਜਾਬੀ ਬੈਂਤ ਨੂੰ ਕਾਫ਼ੀ ਲਿਸ਼ਕਾਇਆ ਤੇ ਸੁਆਦਲਾ ਬਣਾਇਆ ਹੈ।

ਉਹ ਅਪਣੇ ਕਿੱਸੇ ਦਾ ਆਰੰਭ ਰਵਾਇਤੀ ਢੰਗ ਨਾਲ ਇਸ ਭੂਮਿਕਾ ਨਾਲ ਕਰਦਾ ਹੈ :

ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ਼ ਮੀਆਂ।

ਸਦਾ ਨਹੀਂ ਜੇ ਦੌਲਤਾਂ, ਫੀਲ, ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।
ਸ਼ਾਹ ਮੁਹੰਮਦ ਸਦਾ ਨਾ ਰੂਪ ਦੁਨੀਆਂ,
ਸਦਾ ਰਹਿਣ ਨਾ ਕਾਲੜੇ ਕੇਸ਼ ਮੀਆਂ।

ਇਹ ਜੰਗਨਾਮਾ (ਕੁਝ ਲੋਕ ਇਸ ਨੂੰ ਕਿੱਸਾ ਤੇ ਕੁਝ ਵਾਰ ਵੀ ਕਹਿੰਦੇ ਹਨ ਇਹ ਠੀਕ ਨਹੀਂ) 'ਜੰਗ ਸਿੰਘਾਂ ਤੇ ਫ਼ਰੰਗੀਆਂ' ਪੰਜਾਬੀ ਸਾਹਿਤ ਦੀਆਂ ਬੀਰ-ਰਸ ਭਰਪੂਰ ਥੋੜ੍ਹੀਆਂ ਜਿਹੀਆਂ ਕਿਰਤਾਂ ਵਿਚੋਂ ਉੱਤਮ ਕਿਰਤ ਹੈ। ਆਪਣੇ ਬੀਰ-ਰਸ ਦੇ ਬਿਆਨ ਵਿਚ ਉਸ ਨੇ ਬਹੁਤ ਸਾਰੇ ਸੁਚੱਜੇ ਅਲੰਕਾਰ ਵਰਤੇ ਹਨ :

ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ,
ਪਏ ਸਿੰਘ ਕਚੀਕੀਆਂ ਖਾਂਵਦੇ ਨੀ।

....

ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ।

....

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।

ਸ਼ਾਹ ਮੁਹੰਮਦ ਕਿਤੇ ਕਿਤੇ ਚੋਖੀ ਟਕੋਰ ਵੀ ਲਾ ਜਾਂਦਾ ਹੈ :

ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ,
ਸਗੋਂ ਕੁੰਜੀਆਂ ਹੱਥ ਫੜਾ ਆਏ।
ਸ਼ਾਹ ਮੁਹੰਮਦ ਆਖਦੇ ਲੋਕ ਸਿੰਘ ਜੀ,
ਤੁਸੀ ਚੰਗੀਆਂ ਪੂਰੀਆਂ ਪਾ ਆਏ।

ਸ਼ਾਹ ਮੁਹੰਮਦ ਦੇ ਕਿੱਸੇ ਸੱਸੀ ਪੁੰਨੂੰ ਦੀ ਭਾਸ਼ਾ ਵੀ ਇਵੇਂ ਹੀ ਸਾਦੀ ਪਰ ਪ੍ਰਭਾਵਸ਼ਾਲੀ ਹੈ।

ਅਲਫ਼ ਉੱਠ ਦੇਖੀਂ ਮਾਏ ਮੇਰੀਏ ਨੀ,
ਇਹ ਬਲੋਚ ਨਾਹੀਂ ਕੋਈ ਚੋਰ ਪਾਏ।
ਮੇਰੇ ਨੇਹੁੰ ਦੀ ਸਾਰ ਨਾ ਜਾਣੀਉ ਨੇ,
ਪੁੰਨੂੰ ਬੰਨ੍ਹ ਖੜਿਆ ਨਾਲ ਜ਼ੋਰ ਮਾਏ।
ਵਾਹਦ ਜਾਨ ਸੱਸੀ, ਇਕ ਲੁੱਟ ਲੀਤੀ,
ਹੋਰ ਵਸਦਾ ਸ਼ਹਿਰ ਭੰਬੋਰ ਮਾਏ।
ਸ਼ਾਹ ਮੁਹੰਮਦਾ ਪਈ ਪੁਕਾਰਨੀ ਹਾਂ;
ਪੁੰਨੂੰ ਬਾਝ ਨਾ ਆਸਰਾ ਹੋਰ ਮਾਏ।

.

1851 ਈ. ਤੋਂ 1900 ਈ. ਤੱਕ ਦੀਆਂ ਸਾਹਿਤਕ ਧਰਾਵਾਂ

ਇਸ ਪਾਠ ਦਾ ਮੰਤਵ 1851 ਈ. ਤੋਂ 1900 ਈ. ਤਕ ਰਚੇ ਸਾਹਿਤ ਬਾਰੇ ਜਾਣਕਾਰੀ ਦੇਣਾ ਹੈ। ਇਸ ਸਮੇਂ ਕਿੱਸਾ, ਵੀਰ, ਸੂਫੀ ਕਾਵਿ ਤੋਂ ਇਲਾਵਾ ਕਵੀਸ਼ਰੀ ਦੀ ਰਚਨਾ ਹੋਈ। ਸਟੇਜੀ ਤੇ ਧਾਰਮਿਕ ਕਾਵਿ, ਸਿੰਘ ਸਭਾ ਲਹਿਰ, ਪੰਜਾਬੀ ਪੱਤਰਕਾਰੀ ਅਤੇ ਈਸਾਈ ਮਿਸ਼ਨਰੀਆਂ ਦੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿੱਚ ਬਹੁਤ ਸਾਰੇ ਸਾਹਿਤ ਰੂਪ ਪਾਏ।

ਕਿੱਸਾ ਕਾਵਿ ਧਾਰਾ

ਪੰਜਾਬੀ ਦੀ ਕਿੱਸਾ ਕਾਵਿ-ਧਾਰਾ ਇਸ ਦੌਰ ਵਿਚ ਆਪਣੇ ਸਿਖ਼ਰ ਤੇ ਪਹੁੰਚਦੀ ਹੈ। ਇਸ ਕਾਲ ਦੇ ਪ੍ਰਮੁੱਖ ਕਿੱਸਾਕਾਰ ਸੱਯਦ ਫ਼ਜ਼ਲ ਸ਼ਾਹ, ਮੀਆਂ ਮੁਹੰਮਦ ਬਖਸ਼, ਕਿਸ਼ਨ ਸਿੰਘ ਆਰਿਫ਼, ਮੀਆਂ ਮੁਹੰਮਦ ਬੂਟਾ ਗੁਜਰਾਤੀ, ਹਦਾਇਤੁਲਾ ਅਤੇ ਮੌਲਵੀ ਗੁਲਾਮ ਰਸੂਲ ਹਨ। ਪਹਿਲਾਂ ਕਿੱਸਾ ਲਿਖਣ ਵਾਲੇ ਕਿੱਸਾਕਾਰ ਮੁਸਲਮਾਨ ਸਨ ਪਰ ਇਸ ਦੌਰ ਵਿਚ ਸਿੱਖਾਂ ਨੇ ਵੀ ਕਿੱਸੇ ਲਿਖਣੇ ਸ਼ੁਰੂ ਕੀਤੇ। ਇਸ ਸਮੇਂ ਦੌਰਾਨ ਜਿਥੇ ਸਥਾਨਕ ਰੰਗ ਜੁੜਿਆ ਉਥੇ ਲੋਕ ਜੀਵਨ ਨਾਲ ਵੀ ਨੇੜਤਾ ਵਧੀ।

'ਸੋਹਣੀ ਮਹੀਂਵਾਲ' ਵਰਗੀ ਸ਼ਾਹਕਾਰ ਰਚਨਾ ਕਰਨ ਵਾਲਾ ਫਜ਼ਲਸ਼ਾਹ ਇਸ ਕਾਲ ਦਾ ਪ੍ਰਸਿੱਧ ਕਿੱਸਾਕਾਰ ਹੈ। ਇਸ ਤੋਂ ਬਾਅਦ ਉਸਨੇ ਸੱਸੀ ਪੁੰਨੂੰ, ਹੀਰ ਰਾਂਝਾ, ਲੈਲਾ ਮਜਨੂੰ, ਯੂਸਫ਼ ਜ਼ੁਲੈਖਾ ਆਦਿ ਕਿੱਸਿਆ ਦੀ ਰਚਨਾ ਕੀਤੀ। ਕਵੀ ਦਾ ਆਪਣਾ ਨਿੱਜੀ ਦਰਦ ਅਤੇ ਵਿਯੋਗ ਹੀ ਉਸਦੀ ਸ਼ਾਹਕਾਰ ਰਚਨਾ ਦਾ ਆਧਾਰ ਬਣਦਾ ਹੈ। ਸ਼ਬਦਾਂ ਦੀ ਜਾਦੂਮਈ ਵਰਤੋਂ ਉਸਦੀ ਰਚਨਾ ਵਿਚ ਨਵਾਂ ਰੰਗ ਭਰਦੀ ਹੈ। ਫਜ਼ਲਸ਼ਾਹ ਦੇ ਆਪਣੇ ਕਿੱਸਿਆਂ ਵਿਚ ਪ੍ਰਗਟਾਏ ਪਿਆਰ ਨੂੰ ਸਚਾ ਤੇ ਸੇਫ ਦੱਸ ਕੇ ਇਸ਼ਕੇ ਮਜ਼ਾਜੀ ਤੋਂ ਇਸ਼ਕ ਹਕੀਕੀ ਵੱਲ ਹੀ ਯਾਤਰਾ ਦਾ ਜ਼ਿਕਰ ਕੀਤਾ ਹੈ। 'ਸੈਫੁਲ ਮਲੂਕ' ਕਿੱਸੇ ਰਾਹੀਂ ਪ੍ਰਸਿੱਧੀ ਖੱਟਣ ਵਾਲਾ ਮੀਆਂ ਮੁਹੰਮਦ ਬਖਸ਼ ਇਸ ਦੌਰ ਦਾ ਦੂਜਾ ਕਵੀ ਹੈ। ਇਸ ਤੋਂ ਇਲਾਵਾ ਉਸਨੇ ਸ਼ੀਰੀਂ ਫ਼ਰਹਾਦ, ਸੋਹਣੀ ਮਹੀਂਵਾਲ, ਗਲਜ਼ਾਰੇ ਫ਼ਕਰ, ਤੁਹਫ਼ਾ ਮੀਰ, ਬਦਰ ਮਲਜਮਾਲ, ਮਿਰਜ਼ਾ ਸਾਹਿਬਾਂ, ਕਿੱਸਾ ਸ਼ਾਹ ਮਨਬੂਰ, ਕਿੱਸਾ ਸ਼ੇਖ ਸਨਿਆ ਆਦਿ ਕਿੱਸਿਆਂ ਦੀ ਰਚਨਾ ਕੀਤੀ। ਇਹਨਾਂ ਤੋਂ ਇਲਾਵਾ ਕੁਝ ਸੀਹਰਫ਼ੀਆਂ, ਗ਼ਜ਼ਲਾਂ ਦੀ ਰਚਨਾ, ਦੋਹਿਰੇ ਆਦਿ ਵੀ ਮਿਲਦੇ ਹਨ। 'ਕਿਸ਼ਨ ਸਿੰਘ ਆਰਿਫ਼' ਇਸ ਦੌਰ ਦਾ ਧਾਰਮਿਕ ਬਿਰਤੀ ਵਾਲਾ ਕਿੱਸਾਕਾਰ ਹੈ। ਗੁਲਾਬਦਲੀ ਸੰਪ੍ਰਦਾਇ ਨਾਲ ਸੰਬੰਧਤ ਹੋਣ ਕਰਕੇ ਇਹ ਵੇਦਾਂਤ, ਸੂਫ਼ੀ ਮਤ ਅਤੇ ਗੁਰਮਤਿ ਕਾਵਿ ਦਾ ਚੰਗਾ ਗਿਆਤਾ ਸੀ। ਹੀਰ-ਰਾਂਝਾ, ਸ਼ੀਰੀਂ ਫ਼ਰਹਾਦ, ਪੂਰਨ ਭਗਤ, ਰਾਜਾ ਭਰਥਰੀ ਅਤੇ ਰਾਜਾ ਰਸਾਲੂ ਨਾਂ ਦੇ ਕਿੱਸੇ ਵਿਸ਼ੇਸ਼ ਉਲੇਖਯੋਗ ਹਨ। ਆਰਿਫ਼ ਨੇ ਆਪਣੇ ਕਿੱਸਿਆਂ ਵਿਚ ਆਲੇ-ਦੁਆਲੇ ਦਾ ਚਿਤ੍ਰਣ ਕਰਦਿਆਂ ਹੋਇਆ ਹੋਣੀ, ਇਸਤਰੀ, ਨਿੰਦਾ, ਵਹਿਮ-ਭਰਮ ਦਾ ਵੀ ਵਰਨਣ ਕੀਤਾ ਹੈ। ਹੀਰ-ਰਾਂਝੇ ਦਾ ਕਿੱਸਾ ਕਲੀ ਛੰਦ ਵਿਚ ਲਿਖਕੇ ਇਸਨੇ ਨਵੀਂ ਪਿਰਤ ਪਾਈ ਹੈ। ਇਸ ਲਈ ਇਸਨੂੰ ਕਲੀਆਂ ਵਾਲੀ ਹੀਰ ਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਦੁੱਲਾ ਭੱਟੀ ਦਾ ਕਿੱਸਾ ਇਸਨੇ ਪਹਿਲੀ ਵਾਰ ਲਿਖ ਕੇ ਪੰਜਾਬੀ ਕਿੱਸਾ ਕਵੀ ਨੂੰ ਇਸ਼ਕ ਦੇ ਖੇਤਰ ਵਿਚੋਂ ਕੱਢ ਕੇ ਵੀਰ-ਰਸੀ ਖੇਤਰ ਵੱਲ ਲਿਆਂਦਾ ਹੈ। ਇਸ ਦੌਰ ਵਿਚ ਕਵੀ ਹਦਰਿਤੁਲਾ ਦੇ ਪੰਜਾਬੀ ਵਿਚ ਸਟੇਜੀ ਕਵਿਤਾ ਨੂੰ ਵਿਕਸਿਤ ਕਰਨ ਵਿਚ ਬਹੁਤ ਯੋਗਦਾਨ ਪਾਇਆ ਹੈ। ਇਸ ਕਵੀ ਨੇ ਸੀਹਰਫ਼ੀਆਂ ਦੀ ਰਚਨਾ ਬੈਂਤ ਛੰਦ ਵਿਚ ਕੀਤੀ। ਇਸ ਦੀ ਕਾਵਿ ਸ਼ੈਲੀ ਬੜੀ ਪ੍ਰੌੜ ਅਤੇ ਕਠੋਰ ਹੈ। ਇਸ ਦੌਰ ਦਾ ਅਗਲਾ ਪ੍ਰਸਿੱਧ ਕਵੀ ਮੌਲਵੀ ਗੁਲਾਮ ਰਸੂਲ ਹੈ।ਇਸ ਨਾਂ ਦੇ ਤਿੰਨ ਕਵੀ ਹੋਏ ਹਨ। ਗੁਲਾਮ ਰਸੂਲ ਦੀ ਸਭ ਤੋਂ ਸ੍ਰੇਸ਼ਠ ਰਚਨਾ ਅਹਸਨੁਲ ਕਸਿਸ ਹੈ। ਇਸ ਵਿਚ ਯੂਸਫ਼ ਜ਼ੁਲੈਖਾ ਦੇ ਕਿੱਸੇ ਦਾ ਵਰਨਣ ਮਿਲਦਾ ਹੈ। ਕਿੱਸਾਕਾਰ ਨੇ ਜਿੱਥੇ ਜ਼ੁਲੈਖਾ ਦੇ ਇਸ਼ਕ ਦਾ ਵਰਨਣ ਕੀਤਾ ਹੈ ਉਥੇ ਪ੍ਰਕ੍ਰਿਤੀ ਚਿਤ੍ਰਣ ਦਾ ਵਰਨਣ ਵੀ ਬਹੁਤ ਸਜੀਵ ਹੈ। ਇਹਨਾਂ ਕਿੱਸਾਕਾਰਾਂ ਤੋਂ ਇਲਾਵਾ ਇਸ ਕਾਲ ਵਿਚ ਕੁਝ ਹੋਰ ਵੀ ਕਿੱਸਾਕਾਰ ਵੀ ਹੋਏ ਹਨ ਜਿਵੇਂ ਅਮਾਮ ਬਖ਼ਸ (ਕਿੱਸਾ ਗੁਲ ਸਨੋਵਰ, ਕਿੱਸਾ ਵਾਦੀਆਂ-ਉਲਜਕਾਲ, ਕਿੱਸਾ ਗੁਲਬਦਰ, ਕਿੱਸਾ ਲੈਲਾ ਮਜਨੂੰ), ਮੌਲਵੀ ਅਬਦੁਬਤਾਰ (ਕਿੱਸਾ ਯੂਸਫ਼ ਜ਼ੁਲੈਖਾ, ਬਾਰਹਮਾਹ ਅਤੇ ਸੀਹਰਫ਼ੀਆਂ), ਸੱਯਦ ਮੀਰਾਂ ਸਾਹ (ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ ਆਦਿ), ਹਾਸ਼ਮ

ਮੁਖਲਿਸ (ਕਿੱਸਾ ਸੱਸੀ ਪੁੰਨੂੰ), ਗੋਪਾਲ ਸਿੰਘ ਗੋਪਾਲ (ਕਿੱਸਾ ਸ਼ਾਹ ਬਹਿਰਾਮ, ਕਿੱਸਾ ਬਿਸ਼ਨੋ ਬੱਗਾ ਮੱਲ, ਸੱਸੀ ਪੁੰਨੂੰ), ਕਾਨ੍ਹ ਸਿੰਘ (ਹੀਰ ਰਾਂਝਾ) ਆਦਿ।

ਵੀਰ ਕਾਵਿ ਧਾਰਾ

ਇਸ ਦੌਰ ਵਿਚ ਕਵੀ ਸੋਭਾ ਦੀ ਲਿਖੀ 'ਮੁਲਤਾਨ ਦੀ ਵਾਰ' ਮਿਲਦੀ ਹੈ ਜਿਸ ਵਿਚ ਅੰਗਰੇਜ਼ ਰਾਜ ਪ੍ਰਤੀ ਸਤਿਕਾਰ ਦੀ ਭਾਵਨਾ ਪ੍ਰਗਟ ਹੁੰਦੀ ਹੈ। ਦੂਜੀ ਗੁੰਮਨਾਮ ਕਵੀ ਦੀ ਰਚਨਾ ਗਦਰ ਦੀ ਵਾਰ ਤੇ ਤੀਜੀ ਰਚਨਾ ਜੰਗਨਾਮਾ ਦਿੱਲੀ ਮਿਲਦੀ ਹੈ। ਇਸ ਦਾ ਕਵੀ ਖਜ਼ਾਨ ਸਿੰਘ ਹੈ ਜੋ ਪਟਿਆਲੇ ਦਾ ਰਹਿਣ ਵਾਲਾ ਹੈ। ਇਸ ਵਾਰ ਵਿਚ ਗ਼ਦਰ ਵੇਲੇ ਪਟਿਆਲਾ ਦੇ ਮਹਾਰਾਜਾ ਨਰਿੰਦਰ ਸਿੰਘ ਦੁਆਰਾ ਅੰਗਰੇਜਾਂ ਦੀ ਸਹਾਇਤਾ ਲਈ ਕੀਤੀ ਉਚੇਚੀ ਭਰਤੀ ਦਾ ਜ਼ਿਕਰ ਹੈ। ਇਸ ਸਮੇਂ ਵਾਰਾਂ ਤੋਂ ਇਲਾਵਾ ਮੁਸਲਮਾਨ ਕਵੀਆਂ ਦੁਆਰਾ ਸ਼ਹੀਦ ਦੀ ਬਹਾਦਰੀ ਨੂੰ ਉਜਾਗਰ ਕਰਨ ਲਈ ਜੰਗਨਾਮੇ ਵੀ ਲਿਖੇ ਗਏ। ਇਹਨਾਂ ਜੰਗਨਾਮਿਆਂ ਦਾ ਸੰਬੰਧ ਹਜ਼ਰਤ ਅਲੀ ਅਤੇ ਉਸਦੇ ਪੁੱਤਰਾਂ ਦੇ ਯੁੱਧਾਂ ਨਾਲ ਹੈ। ਨੂਰ ਅਹਿਮਦ ਚਿਸ਼ਤੀ ਨੇ ਆਪਣੇ ਜੰਗਨਾਮੇ 'ਅਜ਼ੀਜ਼ ਫਾਤਮਾ' ਵਿੱਚ ਯੁੱਧ-ਭੂਮੀ ਦਾ ਵਰਨਣ ਕੀਤਾ ਹੈ।

ਸੂਫ਼ੀ ਕਾਵਿ

ਇਸ ਦੌਰ ਵਿਚ ਕੁਝ ਕੁ ਸੂਫ਼ੀ ਫਕੀਰਾਂ ਦਾ ਨਾਮ ਲਿਆ ਜਾ ਸਕਦਾ ਹੈ। ਜਿਵੇਂ ਕਿ ਮੀਰਾਂ ਸ਼ਾਹ ਜਲੰਧਰੀ ਤੇ ਖ੍ਵਾਜਾ ਗ਼ੁਲਾਮ ਫ਼ਰੀਦ। ਮੀਰਾ ਸ਼ਾਹ ਜਲੰਧਰੀ ਦੀ ਬਹੁਤੀ ਪ੍ਰਸਿੱਧੀ ਭਾਵੇਂ ਕਿੱਸਾਕਾਰ ਦੇ ਤੌਰ ਹੀ ਹੋਈ ਪਰ 'ਕੁਲੀਅਤ ਮੀਰਾ ਸ਼ਾਹ' ਵਿਚ ਇਸ਼ਕ ਹਕੀਕੀ ਦੀ ਸ੍ਰੇਸ਼ਠਤਾ ਨੂੰ ਸਪੱਸ਼ਟ ਕੀਤਾ ਗਿਆ ਹੈ ਅਤੇ ਨਾਲ ਹੀ ਇਸ ਕਠੋਰ ਸਾਧਨਾ ਦਾ ਜ਼ਿਕਰ ਹੈ। ਇਹ ਇਸ਼ਕ ਹੁਲਾਰਾ, ਮਸਤੀ ਤੇ ਆਨੰਦ ਦਿੰਦਾ ਹੈ। ਗ਼ੁਲਾਮ ਫ਼ਰੀਦ ਦੀ ਰਚਨਾ ਦੋਹੜਿਆਂ ਅਤੇ ਕਾਫ਼ੀਆਂ ਵਿੱਚ ਹੈ। ਸਾਰੀਆਂ ਕਾਫ਼ੀਆਂ ਵਿਚ ਸੂਫ਼ੀ ਰੰਗ ਉਘੜ ਕੇ ਸਾਹਮਣੇ ਆਉਂਦਾ ਹੈ।

ਕਵੀਸ਼ਰੀ

ਇਸ ਕਾਲ ਦੀ ਮਹੱਤਵਪੂਰਣ ਧਾਰਾ ਹੈ। ਮਾਲਵਾ ਖੇਤਰ ਵਿਚ ਉਨ੍ਹੀਵੀਂ ਸਦੀ ਦੇ ਆਰੰਭ ਵਿਚ ਹੋਂਦ ਵਿਚ ਆਈ ਇਹ ਧਾਰਾ ਉਥੋਂ ਦੇ ਲੋਕਾਂ ਦੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਜੀਵਨ ਦੀ ਤਸਵੀਰ ਪੇਸ਼ ਕਰਦੀ ਹੈ। ਇਸ ਦਾ ਮੁੱਖ ਉਦੇਸ਼ ਲੋਕ ਮਨੋਰੰਜਨ ਹੋਣ ਕਾਰਣ ਇਸ ਵਿਚ ਲੋਕ-ਮਨ ਦੀਆਂ ਕਾਮਨਾਵਾਂ ਅਤੇ ਮਾਨਤਾਵਾਂ, ਵਹਿਮਾਂ-ਭਰਮਾਂ, ਰੀਤੀ-ਰਿਵਾਜਾਂ, ਮੇਲਿਆਂ-ਤਿਉਹਾਰਾਂ, ਨੈਤਿਕ ਕੀਮਤਾਂ ਅਤੇ ਧਾਰਮਿਕ ਅਨੁਸ਼ਠਾਨਾਂ ਦਾ ਅਨੇਕ ਢੰਗਾਂ ਨਾਲ ਚਿਤ੍ਰਣ ਹੋਇਆ ਮਿਲਦਾ ਹੈ। ਮਲਵਈ ਉਪਭਾਸ਼ਾ ਦੀ ਵਰਤੋਂ ਇਸਦੀ ਭਾਸ਼ਿਕ ਵਿਸ਼ੇਸ਼ਤਾ ਹੈ। ਕਵੀਸ਼ਰਾ ਨੇ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੋਹਣੀ ਮਹੀਂਵਾਲ ਦੀ ਪ੍ਰੀਤ ਨੂੰ ਪੇਂਡੂ ਲਹਿਜ਼ੇ ਵਿੱਚ ਮਲਵਈ ਉਪਭਾਸ਼ਾ ਦੀ ਸਹਾਇਤਾ ਨਾਲ ਸਿਰਜਿਆ ਹੈ। ਇਸ ਤੋਂ ਇਲਾਵਾ ਸਥਾਨਿਕ ਪ੍ਰੀਤ ਕਥਾਵਾਂ ਕਾਕਾ-ਪ੍ਰਤਾਪੀ, ਕਰਤਾਰੀ-ਜਮੀਤਾ, ਰਜਨੀ ਸੁਨਿਆਰੀ ਅਤੇ ਬੇਗੋ ਨਾਰ ਦਾ ਵੀ ਵਰਨਣ ਕੀਤਾ ਹੈ। ਇਸ ਤੋਂ ਇਲਾਵਾ ਵੀਰ-ਰਸੀ ਰੁਚੀਆਂ ਦੀ ਤ੍ਰਿਪਤੀ ਲਈ ਦੁੱਲਾ ਭੱਟੀ, ਜੈਮਲ ਫੱਤਾ, ਸੁੱਚਾ ਸਿੰਘ ਸੂਰਮਾ, ਜੀਉਣ ਮੌੜ ਅਤੇ ਜਾਨੀ ਚੋਰ ਆਦਿ। ਇਸ ਤੋਂ ਇਲਾਵਾ ਧਾਰਮਿਕ ਪ੍ਰਸੰਗਾਂ ਦੇ ਅੰਤਰਗਤ ਸਿੱਖ ਧਰਮ ਨਾਲ ਸੰਬੰਧਤ ਘਟਨਾਵਾਂ, ਗੁਰੂ ਸਾਹਿਬਾਨ ਦੇ ਉਪਕਾਰਾਂ, ਸਾਹਿਬਜ਼ਾਦਿਆਂ ਅਤੇ ਸਿੱਖ ਧਰਮੀਆਂ ਦੇ ਬਲੀਦਾਨ ਨੂੰ ਚਿਤਰਿਆ ਹੁੰਦਾ ਹੈ।

ਇਸ ਸਮੇਂ ਦਾ ਪ੍ਰਮੁੱਖ ਕਵੀਸ਼ਰ ਭਗਵਾਨ ਸਿੰਘ ਹੈ। ਇਸ ਨੇ ਹੀਰ-ਰਾਂਝਾ, ਸੋਹਣੀ-ਮਹੀਂਵਾਲ, ਜੀਉਣਾ ਮੌੜ, ਪੱਚੀਏ ਦਾ ਕਾਲ, ਚੌਤੀਏ ਦੀ ਅੱਗ ਤੇ ਜੰਵ ਆਦਿ ਦੀ ਰਚਨਾ ਵੀ ਕੀਤੀ ਹੈ। ਜੀਉਣਾ ਮੌੜ ਦਾ ਪ੍ਰਸੰਗ ਕਵੀ ਨੇ ਪਹਿਲੀ ਵਾਰ ਲਿਖ ਕੇ ਉਸ ਸੂਰਮੇ ਨੂੰ ਆਪਣੀ ਭਾਵਨਾ ਦੇ ਫੁਲ ਚੜ੍ਹਾਏ ਹਨ। ਸਾਧੂ ਸਦਾ ਰਾਮ, ਪੰਡਿਤ ਗੋਕਲ ਚੰਦ ਵੀ ਉਲੇਖਯੋਗ ਹਨ। ਇਸ ਤੋਂ ਇਲਾਵਾ ਕਵੀਸ਼ਰ ਨੱਥਾ ਸਿੰਘ, ਕਿਸ਼ਨ ਸਿੰਘ, ਧਿਆਨ ਸਿੰਘ, ਬਾਗ ਸਿੰਘ, ਬਜਾਮ ਸਿੰਘ, ਰਣ ਸਿੰਘ ਤੇ ਈਧਰ ਆਦਿ ਦੇ ਨਾਮ ਲਏ ਜਾ ਸਕਦੇ ਹਨ ਜਿਹਨਾਂ ਵਿਚੋਂ ਬਹੁਤਿਆਂ ਦਾ ਕਲਾਮ ਛਪ ਨਾ ਸਕਣ ਕਾਰਣ ਜਾਇਆ ਹੋ ਗਿਆ ਹੈ। ਝਗੜੇ, ਸੰਵਾਦ, ਮਿਠੜੇ ਅਤੇ ਅਠਵਾਰੇ

ਆਦਿ ਰਚਨਾਵਾਂ ਵਿੱਚ ਮਾਲਵੇ ਦੀਆਂ ਲੋਰ-ਭਾਵਨਾਵਾਂ ਅਤੇ ਸਭਿਆਚਾਰਕ ਕੀਮਤਾਂ ਦਾ ਸੁੰਦਰ ਅਤੇ ਯਥਾਰਥ ਢੰਗ ਨਾਲ ਚਿਤ੍ਰਣ ਹੋਇਆ ਮਿਲਦਾ ਹੈ।

ਸਟੇਜੀ ਅਤੇ ਧਾਰਮਿਕ ਕਾਵਿ

ਇਸ ਕਾਲ ਦੀ ਕਵਿਤਾ ਦੀ ਇੱਕ ਵੰਨਗੀ ਹੈ ਸਟੇਜੀ ਕਵਿਤਾ। ਇਸ ਸਮੇਂ ਦੇ ਪ੍ਰਸਿੱਧ ਸ਼ਾਇਰ ਹਨ- ਮੌਲਾਨਾ ਹਾਲੀ, ਮੌਲਾਨਾ ਮੁਹੰਮਦ ਹੁਸੈਨ ਆਜ਼ਾਦ, ਗਾਮੂੰ ਖਾਂ, ਰਫ਼ੀਰ, ਮੀਆਂ ਹਦਾਇਤੁਲਾ, ਫਜ਼ਲ ਸ਼ਾਹ, ਆਗ਼ਾ ਅਲੀ ਖਾਂ ਆਦਿ। ਮੁਸਲਮਾਨ ਤੇ ਹਿੰਦੂ ਕਵੀਆਂ ਦੇ ਕਵੀ ਦਰਬਾਰਾਂ ਨਾਲ ਸ਼ੁਰੂ ਹੋਈ ਇਸ ਕਵਿਤਾ ਵਿੱਚ ਬਾਅਦ ਵਿਚ ਸਿੱਖ ਕਵੀ ਵੀ ਸ਼ਾਮਲ ਹੋ ਗਏ। ਇਸ ਸਮੇਂ ਛੋਟੀ ਕਵਿਤਾ ਵਧੇਰੇ ਤੌਰ ਤੇ ਪੜ੍ਹੀ ਜਾਣ ਲੱਗੀ ਕਿਉਂਕਿ ਕਵੀ ਦਰਬਾਰਾਂ ਵਿਚ ਲੰਬੀਆਂ ਕਵਿਤਾਵਾਂ ਪੜ੍ਹਨ ਦਾ ਖੁਲ੍ਹਾ ਸਮਾਂ ਨਹੀਂ ਹੁੰਦਾ। ਇਸ ਲਈ ਜ਼ਿਆਦਾਤਰ ਗ਼ਜ਼ਲਾਂ, ਨਜ਼ਮਾਂ, ਰੁਬਾਈਆਂ ਲਿਖੀਆਂ ਗਈਆਂ ਅਤੇ ਇਹਨਾਂ ਦੇ ਸਾਹਿਤਕ ਤੇ ਕਲਾਤਮਕ ਪੱਖ ਦੀ ਵਿਸ਼ੇਸ਼ ਉੱਨਤੀ ਹੋਈ। ਇਸ ਸਮੇਂ ਇਸਲਾਮਿਕ ਕਾਵਿ, ਹਿੰਦੂ ਕਾਵਿ ਤੇ ਸਿੱਖ ਕਾਵਿ ਰਾਹੀਂ ਰਚਨਹਾਰਿਆਂ ਨੇ ਆਪਣੇ-ਆਪਣੇ ਧਰਮ ਦੀ ਮਹੱਤਤਾ ਦਰਸਾਉਂਦਿਆਂ ਹੋਇਆ ਨੇਕ ਕਰਮ ਕਰਨ ਦੀ ਸਲਾਹ ਦਿੱਤੀ ਹੈ।

ਈਸਾਈ ਮਿਸ਼ਨਰੀਆਂ ਦੀ ਦੇਣ

16ਵੀਂ ਸਦੀ ਵਿਚ ਸ਼ੁਰੂ ਹੋਈ ਈਸਾਈ ਮਿਸ਼ਨਰੀ ਦੇ ਧਰਮ ਪ੍ਰਚਾਰ ਦੀ ਗਤੀਵਿਧੀ 17ਵੀਂ ਸਦੀ ਵਿੱਚ ਲੁਧਿਆਣੇ ਵਿਖੇ ਈਸਾਈ ਮਿਸ਼ਨ ਦੀ ਸਥਾਪਨਾ ਨਾਲ ਆਪਣੇ ਸਿਖਰ ਤੇ ਪਹੁੰਚਦੀ ਹੈ। ਜਿਸ ਸਮੇਂ ਧਾਰਮਿਕ ਪ੍ਰਸਿੱਧੀ ਵਾਲੀਆਂ ਥਾਵਾਂ ਤੇ ਈਸਾਈ ਮੱਤ ਦੇ ਕੇਂਦਰ ਕਾਇਮ ਕੀਤੇ ਗਏ ਅਤੇ ਵੱਖ-ਵੱਖ ਧਰਮਾਂ ਵਾਲੇ ਪੰਜਾਬੀਆਂ ਨੂੰ ਈਸਾਈ ਬਣਨ ਲਈ ਪ੍ਰੇਰਿਆ ਜਾਣ ਲੱਗਾ। ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਪੰਜਾਬੀ ਪਾਠਕਾਂ ਲਈ ਧਰਮ ਪੁਸਤਕਾਂ ਦੇ ਅਨੁਵਾਦ ਦਾ ਕੰਮ ਸ਼ੁਰੂ ਕੀਤਾ।

ਇਸ ਸਮੇਂ ਵਿਲੀਅਮ ਕੇਰੀ ਨੇ 1812 ਵਿਚ ਪੰਜਾਬੀ ਵਿਆਕਰਣ ਪ੍ਰਕਾਸ਼ਿਤ ਕੀਤਾ। ਜੌਹਨ ਨਿਊਟਨ ਦੁਆਰਾ 1851 ਈ. ਵਿਚ ਦੇ 'ਏ ਗ੍ਰਾਮਰ ਆਫ਼ ਦੀ ਪੰਜਾਬੀ ਲੈਂਗੁਏਜ ਛਾਪੀ ਗਈ'। 1896ਈ. ਵਿਚ ਇਸਦਾ ਵਾਧੇ ਵਾਲਾ ਸੰਸਕਰਨ ਪੀ.ਨਿਊਟ ਜੋ ਕਿ ਜੌਹਨ ਨਿਊਟਨ ਦਾ ਪੁੱਤਰ ਸੀ, ਉਸ ਦੁਆਰਾ ਛਾਪਿਆ ਗਿਆ। ਇਸ ਦਾ ਨਾਂ 'ਪੰਜਾਬੀ ਗ੍ਰਾਮਰ' ਵਿਚ ਐਕਸਰ ਸਾਈਜ਼ ਐਂਡ ਵੁਕੈਬੁਲਰੀ ਰੱਖਿਆ ਗਿਆ। ਦੂਜੀ ਵੱਡੀ ਦੇਣ ਹੈ-ਕੋਸ਼ਕਾਰੀ। ਸਭ ਤੋਂ ਪਹਿਲਾਂ ਕੋਸ਼ 1854 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ 28000 ਦੇ ਕਰੀਬ ਸ਼ਬਦ ਹਨ ਪਹਿਲਾ ਸ਼ਬਦ, ਫਿਰ ਉਹਨਾਂ ਦਾ ਰੋਮਨ ਵਿਚ ਉਚਾਰਣ ਅਤੇ ਫਿਰ ਅਰਥ ਦਿੱਤੇ ਗਏ ਹਨ। 1898 ਈ. ਵਿਚ ਵਿਲਸਨ ਨੇ 'ਗ੍ਰਾਮਰ ਐਂਡ ਡਿਕਸਨਰੀ ਔਫ਼ ਵੈਸਟਰਨ ਪੰਜਾਬੀ' ਛਾਪੀ। ਇਸ ਕੋਸ਼ ਵਿਚ ਲੋਕ-ਗੀਤ ਅਤੇ ਮੁਹਾਵਰੇ ਵੀ ਸ਼ਾਮਲ ਕੀਤੇ ਗਏ ਹਨ।

ਅੰਗਰੇਜ਼ੀ ਮਿਸ਼ਨਰੀਆਂ ਨੇ ਪੰਜਾਬੀ ਵਿੱਚ ਜੋ ਕੁਝ ਲਿਖਿਆ ਅਤੇ ਛਾਪਿਆ, ਉਸਦਾ ਮੂਲ ਮਨੋਰਥ ਈਸਾਈ ਮਤ ਦਾ ਪ੍ਰਚਾਰ ਸੀ, ਪਰ ਪ੍ਰਚਾਰ ਲਈ ਨਵੇਂ ਨਵੇਂ ਸਾਹਿਤਕ ਰੂਪਾਂ ਨੂੰ ਵਰਤਣ ਨਾਲ ਉਹਨਾਂ ਨੇ ਪੰਜਾਬੀ ਲੇਖਕਾਂ ਨੂੰ ਇਕ ਨਵੀਂ ਪ੍ਰੇਰਣਾ ਦਿੱਤੀ। ਜੀਵਨੀ, ਸਫ਼ਰਨਾਮਾ, ਨਾਟਕ ਨਾਵਲ, ਕਹਾਣੀ ਆਦਿ ਸਾਹਿਤ-ਰੂਪਾਂ ਨੂੰ ਪਹਿਲੀ ਵਾਰ ਪੰਜਾਬੀ ਵਿਚ ਵਰਤਿਆ। ਅਨੁਵਾਦਾਂ ਰਾਹੀਂ ਇਹਨਾਂ ਨੇ ਪੰਜਾਬੀ ਪਾਠਕਾਂ ਨੂੰ ਬਾਹਰਲੇ ਸੰਸਾਰ ਤੋਂ ਜਾਣੂ ਕਰਵਾਇਆ ਅਤੇ ਉਹਨਾਂ ਦੇ ਗਿਆਨ ਦਾ ਘੇਰਾ ਵਧਾਇਆ। ਕਵਿਤਾ ਅਜਿਹਾ ਸਾਹਿਤ ਰੂਪ ਹੈ ਜਿਹੜੀ ਇਹਨਾਂ ਮਿਸ਼ਨਰੀਆਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਸਿਖਰ ਛੋਹ ਚੁੱਕੀ ਸੀ। ਇਸ ਲਈ ਮਿਸ਼ਨਰੀਆਂ ਨੇ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਇਸ ਰੂਪ ਤੋਂ ਕਿਨਾਰਾ ਹੀ ਕੀਤਾ। ਜੇ ਕਿਤੇ ਵਰਤਿਆ ਤਾਂ ਉਹ ਸਿਰਫ਼ ਤੁਕਬੰਦੀ ਹੀ ਸੀ। ਪੰਜਾਬੀ ਵਿੱਚ ਜੀਵਨੀਆਂ ਲਿਖਣ ਦੀ ਪਿਰਤ ਤਾਂ ਜਨਮਸਾਖੀ ਸਾਹਿਤ ਨਾਲ ਪੈ ਗਈ ਸੀ ਪਰ ਪੱਛਮੀ ਢੰਗ ਨਾਲ ਜੀਵਨੀ ਲਿਖਣ ਦਾ ਆਰੰਭ ਈਸਾਈ ਮਿਸ਼ਨਰੀਆਂ ਨੇ ਹੀ ਕੀਤਾ। ਇਹਨਾਂ ਵੱਲੋਂ ਹਜ਼ਰਤ ਈਸਾ ਦੇ ਜੀਵਨ ਨਾਲ ਸੰਬੰਧਤ ਲਿਖੀ ਜੀਵਨੀ ਤੋਂ ਪ੍ਰੇਰਨਾ ਲੈ ਕੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਅਨੇਕ ਲੇਖਕਾਂ ਨੇ ਗੁਰੂ ਸਾਹਿਬਾਨ ਅਤੇ ਸ਼ਿਰੋਮਣੀ ਸਿੱਖਾਂ ਦੇ ਜੀਵਨ-ਬ੍ਰਿਤਾਂਤ ਲਿਖੇ ਹਨ। 1898 ਈ. ਵਿਚ ਪ੍ਰਕਾਸ਼ਿਤ ਹੋਈ 80 ਪੰਨਿਆਂ ਦੀ ਪੁਸਤਕ 'ਏਸ਼ੀਆ ਦੀ ਸੈਲ' ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਕਿਹਾ ਜਾ

ਸਕਦਾ ਹੈ। ਅਗਿਆਤ ਲੇਖਕ ਦੁਆਰਾ ਲਿਖੇ ਹੋਏ ਇਕ ਸਫ਼ਰਨਾਮੇ ਵਿਚ ਸੀਰੀਆ, ਅਰਬ, ਫਰਾਂਸ, ਚੀਨ, ਕੰਬੋਦੀਆ, ਹਿੰਦੁਸਤਾਨ ਅਤੇ ਤੁਰਕਿਸਤਾਨ ਆਦਿ ਦੇਸ਼ਾਂ ਦਾ ਅੱਖੀਂ ਵੇਖਿਆ ਹਾਲ ਇਸ ਵਿੱਚ ਦਰਜ ਹੈ। ਨਾਟਕ ਲਿਖਣ ਦਾ ਆਰੰਭ ਵੀ ਈਸਾਈ ਮਿਸ਼ਨਰੀਆਂ ਨੇ ਕੀਤਾ। ਨਾਟਕਕਾਰ ਸ.ਸ. ਬਚਿੰਤ ਸਿੰਘ ਨੇ ਦਸ ਪੰਨਿਆਂ 'ਚ ਇਕ ਲਘੂ ਨਾਟਕ 'ਮਲਕਾ ਅਸਤਰ' ਪਠਾਨਕੋਟ ਵਿਚ ਲਿਖਿਆ ਅਤੇ ਉਸਨੂੰ ਫੀਰੋਜ਼ਪੁਰ ਤੋਂ ਪ੍ਰਕਾਸ਼ਿਤ ਕੀਤਾ ਗਿਆ।

ਪੰਜਾਬੀ ਵਿਚ ਨਾਵਲ ਲਿਖਣ 'ਚ ਆਰੰਭ ਈਸਾਈ ਮਿਸ਼ਨਰੀਆਂ ਦੁਆਰਾ ਹੋਇਆ ਹੈ। ਜੌਹਨ ਬਨੀਅਨ ਦੇ 'ਪਿਲਗ੍ਰਿਮਜ਼ ਪ੍ਰੋਗਰੈਬ' ਦਾ ਪੰਜਾਬੀ ਰੂਪਾਂਤਰ 'ਯਿਸੂਈ ਮੁਸਾਫ਼ਰ ਦੀ ਜਾਤ੍ਰਾ' ਹੈ। ਇਸ ਵਿਚ ਹਜਰਤ ਈਸਾ ਦੀ ਸਵਰਗ ਯਾਤ੍ਰਾ ਦਾ ਸੁਪਨਮਈ ਵਰਣਨ ਹੈ। ਇਸ ਵਿੱਚ ਕੁਝ ਊਣਤਾਈਆਂ ਹੋਣ ਦੇ ਬਾਵਜੂਦ ਇਸ ਨਾਵਲ ਦਾ ਆਪਣਾ ਸਾਹਿਤਕ ਮਹੱਤਵ ਹੈ। ਇਸ ਸਮੇਂ 'ਚ ਇਕ ਹੋਰ ਨਾਵਲ ਹੈ 'ਜਯੋਤਿਰੁਦਯ' ਜਿਸ ਦਾ ਭਾਵ ਹੈ ਜੋਤ ਦਾ ਉਦੈ ਹੋਣਾ। ਇਸ ਨਾਵਲ ਵਿੱਚ ਹਿੰਦੂ ਪਾਤਰਾਂ ਨੂੰ ਈਸਾਈ ਮਤ ਧਾਰਣ ਕਰਨ ਵੱਲ ਰੁਚਿਤ ਗਿਆ ਹੈ। ਇਹ ਨਾਵਲ ਹਿੰਦੂ ਧਰਮ ਦੀਆਂ ਕੁਰੀਤੀਆਂ ਨੂੰ ਭੰਡਦਾ ਹੋਇਆ ਈਸਾਈ ਧਰਮ ਦੀਆਂ ਖੂਬੀਆਂ ਨੂੰ ਉਘਾੜਦਾ ਹੈ। ਇਸੇ ਤਰ੍ਹਾਂ ਹੀ ਕਹਾਣੀਆਂ ਵਿਚ ਵੀ ਹਜ਼ਰਤ ਈਸਾ ਦੇ ਜੀਵਨ ਨਾਲ ਸੰਬੰਧਤ ਪ੍ਰਸੰਗ ਵੀ ਚਿਤਰੇ ਗਏ ਹਨ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਈਸਾਈ ਮਿਸ਼ਨਰੀਆਂ ਨੇ ਭਾਵੇਂ ਆਪਣੇ ਧਾਰਮਿਕ ਪ੍ਰਚਾਰ ਲਈ ਪੰਜਾਬੀ ਭਾਸ਼ਾ ਨੂੰ ਮਾਧਿਅਮ ਬਣਾਇਆ ਪਰ ਇਹਨਾਂ ਨੇ ਪੱਛਮੀ ਸਾਹਿਤ-ਰੂਪਾਂ ਦੀਆਂ ਲੀਹਾਂ ਤੇ ਪੰਜਾਬੀ ਵਿਚ ਨਵੀਆਂ ਸਾਹਿਤਕ ਵੰਨਗੀਆਂ ਲਿਆਂਦੀਆਂ। ਇਹਨਾਂ ਦੀ ਪ੍ਰੇਰਣਾ ਨਾਲ ਹੀ ਸ਼ਰਧਾ ਰਾਮ ਫਿਲੌਰੀ ਅਤੇ ਬਿਹਾਰੀ ਲਾਲ ਪੁਰੀ ਨੇ ਪੰਜਾਬੀ ਵਿਚ ਸਾਹਿਤ ਰਚਨਾ ਕੀਤੀ।

ਸ਼ਰਧਾ ਰਾਮ ਫਿਲੌਰੀ ਚੰਗਾ ਅਨੁਵਾਦਕ ਅਤੇ ਪ੍ਰਭਾਵਸ਼ਾਲੀ ਕਥਾਕਾਰ ਹੋਣ ਦੇ ਨਾਲ-ਨਾਲ ਸੰਸਕ੍ਰਿਤ, ਹਿੰਦੀ, ਉਰਦੂ ਅਤੇ ਪੰਜਾਬੀ ਦਾ ਚੰਗਾ ਲੇਖਕ ਸੀ। ਪੰਜਾਬੀ ਵਾਰਤਕ ਵਿਚ ਲਿਖੀਆਂ ਇਸ ਦੀਆਂ ਦੋ ਪੁਸਤਕਾਂ ਬਹੁਤ ਮਹੱਤਵਪੂਰਨ ਹਨ- 'ਸਿੱਖਾਂ ਦੇ ਰਾਜ ਦੀ ਵਿਥਿਆ' (1868) ਅਤੇ 'ਪੰਜਾਬੀ ਬਾਤ-ਚੀਤ' (1875)। ਪਹਿਲੀ ਪੁਸਤਕ ਜੋ ਕਿ ਤਿੰਨ ਹਿੱਸਿਆਂ ਵਿਚ ਵੰਡੀ ਹੋਈ ਹੈ ਦਾ ਮਨੋਰਥ ਸਿੱਖ ਧਰਮ ਇਤਿਹਾਸ ਅਤੇ ਰਹੁ-ਰੀਤਾਂ ਬਾਰੇ ਈਸਾਈ ਪਾਦਰੀਆਂ ਨੂੰ ਗਿਆਨ ਕਰਵਾਉਣਾ ਸੀ। 'ਪੰਜਾਬੀ-ਬਾਤਚੀਤ' ਪੁਸਤਕ ਦਾ ਪ੍ਰਯੋਜਨ ਅੰਗਰੇਜ਼ਾਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਵਿਚ ਸਹਾਇਤਾ ਕਰਦਾ ਹੈ। ਇਸ ਪੁਸਤਕ ਦੇ ਤਿੰਨ ਭਾਗ ਹਨ- ਪਹਿਲੇ ਭਾਗ ਵਿੱਚ ਮਾਝੇ ਅਤੇ ਦੂਜੇ ਭਾਗ ਵਿਚ ਦੁਆਬੇ ਦੇ ਲੋਕਾਂ ਦੇ ਕਾਰ ਵਿਹਾਰ, ਦੈਨਿਕ ਜੀਵਨ ਅਤੇ ਰਹਿਣ-ਸਹਿਣ, ਤੀਜੇ ਭਾਗ ਵਿਚ ਦੁਆਬੇ ਦੇ ਮੁਸਲਮਾਨਾਂ, ਕਾਂਗੜੇ ਦੇ ਪਹਾੜੀਆਂ ਅਤੇ ਮਾਲਵੇ ਦੇ ਜੱਟਾਂ ਦੀ ਬੋਲੀ, ਰਸਮਾਂ-ਰਿਵਾਜਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਲਾਲਾ ਬਿਹਾਰੀ ਲਾਲਪੁਰੀ

ਪੰਜਾਬੀ ਦੀ ਸਰਵ-ਪੱਖੀ ਉਨਤੀ ਦਾ ਚਾਹਵਾਨ ਵਿਦਵਾਨ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ, ਸੰਸਕ੍ਰਿਤ, ਹਿੰਦੀ, ਉਰਦੂ, ਫ਼ਾਰਸੀ ਭਾਸ਼ਾਵਾਂ ਦਾ ਗਿਆਤਾ ਸੀ। ਇਹਨਾਂ ਨੇ ਪੰਜਾਬੀ ਦੇ ਵਿਕਾਸ ਲਈ ਢਾਈ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ ਜਿਹਨਾਂ ਵਿੱਚੋਂ ਕੁਝ ਵਿਦਿਅਕ ਪ੍ਰਣਾਲੀ ਨਾਲ ਸੰਬੰਧਿਤ ਹਨ ਤੇ ਕੁਝ ਦਾਰਸ਼ਨਿਕ ਵਿਸ਼ਿਆਂ ਨਾਲ। ਇਹਨਾਂ ਨੇ ਈਸਾਈ ਪ੍ਰਚਾਰਕਾਂ ਤੋਂ ਪ੍ਰੇਰਣਾ ਲੈ ਕੇ ਆਪਣੇ ਧਰਮ ਦੀ ਗੌਰਵਤਾ ਦਰਸਾ ਕੇ ਪੰਜਾਬੀ ਮਾਤ-ਭਾਸ਼ਾ ਦੀ ਸੇਵਾ ਕੀਤੀ।

ਇਸ ਤੋਂ ਇਲਾਵਾ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵੀ ਇਸੇ ਦੌਰ ਵਿੱਚ ਹੋਂਦ ਵਿੱਚ ਆਈਆਂ। ਪ੍ਰੋ. ਗੁਰਮੁਖ ਸਿੰਘ ਨੇ ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਲਈ ਪੰਜਾਬੀ ਪੱਤਰਕਾਰੀ ਨੂੰ ਵਿਰਧਿਤ ਕੀਤਾ। ਇਹਨਾਂ ਨੇ ਗੁਰਮੁਖੀ ਅਖਬਾਰ (1880 ਈ.), ਵਿਦਿਅਕ ਪੰਜਾਬ (1881 ਈ.), ਖ਼ਾਲਸਾ ਗਜ਼ਟ (1885 ਈ.) ਅਤੇ ਸੁਧਾਰਾਰਕ (1888 ਈ.) ਆਦਿ ਪੱਤਰ ਪੰਜਾਬੀ ਵਿਚ ਜਾਰੀ ਕੀਤੇ। ਇਸੇ ਤਰ੍ਹਾਂ ਗਿਆਨੀ ਦਿੱਤ ਸਿੰਘ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਧਰਮ ਦੇ ਸ਼ੁੱਧ ਸਰੂਪ ਨੂੰ ਨਿਤਾਰ ਕੇ

ਪੇਸ਼ ਕੀਤਾ ਅਤੇ ਸਿੱਖ ਇਤਿਹਾਸ ਦੀਆਂ ਸ਼ਾਨਦਾਰ ਪਰੰਪਰਾਵਾਂ ਨੂੰ ਚਿਤਰਨ ਲਈ ਪੱਤਰਕਾਰੀ ਨੂੰ ਮਾਧਿਅਮ ਬਣਾਇਆ। ਇਹਨਾਂ ਦੀਆਂ ਬਹੁਤੀਆਂ ਰਚਨਾਵਾਂ 'ਖ਼ਾਲਸਾ ਅਖ਼ਬਾਰ' ਵਿੱਚ ਹੀ ਛਪਦੀਆਂ ਸਨ।

ਭਾਈ ਵੀਰ ਸਿੰਘ ਨੂੰ ਪੰਜਾਬੀ ਵਾਰਤਕ ਨੂੰ ਆਧੁਨਿਕ ਲੀਹਾਂ ਤੇ ਵਿਕਸਿਤ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ। ਇਸ ਕਾਲ ਦੌਰਾਨ ਭਾਈ ਸਾਹਿਬ ਨੇ ਤਿੰਨ ਅੱਧ-ਇਤਿਹਾਸਕ ਨਾਵਲ-ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਵੀ ਲਿਖੇ। ਇਹਨਾਂ ਨੇ 1894 ਈ. ਵਿੱਚ 'ਖ਼ਾਲਸਾ ਟਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਅਤੇ ਨਿੱਕੇ-ਨਿੱਕੇ ਟਰੈਕਟਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ। 1899 ਈ. ਵਿਚ 'ਖ਼ਾਲਸਾ ਸਮਾਚਾਰ' ਜਾਰੀ ਕੀਤਾ ਜਿਸਦਾ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਸੀ। 'ਭਾਈ ਵੀਰ ਸਿੰਘ' ਟਰੈਕਟਾਂ ਨੂੰ ਸਾਦੀ ਅਤੇ ਸਪੱਸ਼ਟ ਪੰਜਾਬੀ ਵਿਚ ਲਿਖ ਕੇ ਇਹਨਾਂ ਵਿਚਲੇ ਸਾਹਿਤਕ ਅੰਸ਼ ਨੂੰ ਵਧਾਇਆ। ਉਪਰੋਕਤ ਵਾਰਤਕ ਲੇਖਕਾਂ ਤੋਂ ਇਲਾਵਾ ਡਾ. ਚਰਨ ਸਿੰਘ, ਗਿਆਨੀ ਗਿਆਨ ਸਿੰਘ, ਗਿਆਨੀ ਹਜ਼ਾਰਾ ਸਿੰਘ ਵਰਗੇ ਵਿਦਵਾਨਾਂ ਦੀ ਵੀ ਮਹੱਤਵਪੂਰਣ ਦੇਣ ਹੈ।

ਇਸ ਕਾਲ (1851-1900) ਦੇ ਸਾਹਿਤ ਦੇ ਵਿਕਾਸ ਵਿੱਚ ਪੰਜਾਬੀ ਪੱਤਰਕਾਰੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। 1854 ਈ. ਵਿਚ ਈਸਾਈ ਮਿਸ਼ਨਰੀਆਂ ਨੇ ਚੌਪਤ੍ਰੀਆਂ ਨਾਂ ਦਾ ਪੱਤਰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਜੋ ਕਿ ਮਿਤੀਹੀਣ ਸੀ। ਪੰਜਾਬੀ ਦਾ ਸਭ ਤੋਂ ਪਹਿਲਾ ਪੱਤਰ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ' ਸੀ ਜਿਸਨੂੰ 1 ਮਾਰਚ, 1867 ਈ. ਨੂੰ ਜਾਰੀ ਕੀਤਾ ਗਿਆ। ਗੁਰਮੁਖੀ ਲਿਪੀ ਵਿਚ ਛਪਣ ਵਾਲਾ ਇਹ ਹਿੰਦੀ ਭਾਸ਼ਾ ਦਾ ਪੱਤਰ ਸੀ ਜਿਸ ਵਿਚ ਹਿੰਦੂ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਸੀ। ਇਸ ਤੋਂ ਮਗਰੋਂ 1875 ਈ. ਵਿਚ ਗਿਆਨੀ ਹਜ਼ਾਰਾ ਸਿੰਘ ਦੀ ਪ੍ਰੇਰਨਾ ਨਾਲ 'ਸੁਕਾਵਿਯ ਸੰਬੋਧਨੀ' 1876 ਈ. ਵਿਚ 'ਅਖ਼ਬਾਰ ਕਾਵਯ-ਚੰਦ੍ਰੋਦਯ' ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ ਗਿਆ। ਇਸ ਤੋਂ ਬਾਅਦ 'ਗੁਰਮੁਖੀ ਅਖ਼ਬਾਰ', 'ਵਿਦਿਅਕ ਪੰਜਾਬ', 'ਸੁਧਾਰਾਰਕ', 'ਖ਼ਾਲਸਾ ਅਖ਼ਬਾਰ' ਆਦਿ ਹੋਂਦ ਵਿਚ ਆਏ। ਇਹਨਾਂ ਪੱਤਰਾਂ ਦਾ ਸਭ ਤੋਂ ਵੱਡਾ ਯੋਗਦਾਨ ਇਹ ਹੈ ਕਿ ਨਿੱਕੀ ਕਹਾਣੀ, ਨਿਬੰਧ/ਲੇਖ, ਸੰਖਿਪਤ ਜੀਵਨੀਆਂ, ਨਾਟਕ ਆਦਿ ਆਧੁਨਿਕ ਸਾਹਿਤ-ਰੂਪਾਂ ਦਾ ਆਰੰਭ ਇਹਨਾਂ ਪੱਤਰਾਂ ਰਾਹੀਂ ਹੀ ਹੋਇਆ ਮੰਨਿਆ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਇਸ ਦੌਰ ਵਿੱਚ ਚੱਲੀ ਸਿੰਘ ਸਭਾ ਲਹਿਰ ਨੇ ਪ੍ਰੋ. ਗੁਰਮੁਖ ਸਿੰਘ, ਗਿਆਨੀ ਗੁਰਦਿੱਤ ਸਿੰਘ ਤੇ ਭਾਈ ਵੀਰ ਸਿੰਘ ਵਰਗੇ ਸਾਹਿਤਕਾਰ ਪੰਜਾਬੀ ਜਗਤ ਦੀ ਝੋਲੀ ਪਾਏ।

ਸਹਾਇਕ ਪੁਸਤਕਾਂ

1. ਪੰਜਾਬੀ ਸਾਹਿਤ ਦਾ ਇਤਿਹਾਸ : ਡਾ. ਰਤਨ ਸਿੰਘ ਜੱਸੀ
2. ਪੰਜਾਬੀ ਸਾਹਿਤ ਦਾ ਇਤਿਹਾਸ : ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਭਾਗ ਦੂਜਾ)
3. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ : ਪ੍ਰੋ. ਕ੍ਰਿਪਾਲ ਸਿੰਘ ਕਸੇਲ ਤੇ ਪਰਮਿੰਦਰ ਸਿੰਘ
4. ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ : ਡਾ. ਜੀਤ ਸਿੰਘ ਸੀਤਲ

Type Setting :
Department of Distance Education, Punjabi University, Patiala.